1920 ਤੋਂ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 104
ਨੰਬਰ 15

੧੭ ਤੋਂ ੩੧ ਭਾਦਰੋਂ ੨੦੮੧ ਬਿ.
1 to 15 September 2024


# ਸਤਿਜੁਗ



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ



ਮਾਤਾ ਭੂਪਿੰਦਰ ਕੌਰ ਜੀ


10/-

# ਰਾਏਕੋਟ ਦੇ ਨਾਮਧਾਰੀ ਸ਼ਹੀਦਾਂ ਦੀ ਯਾਦ ਵਿੱਚ ਮਹਾਨ ਸ਼ਹੀਦੀ ਸਮਾਗਮ

04.08.2024

























# ਸਤਿਜੁਗ

੧੭ ਤੋਂ ੩੧ ਭਾਦਰੋਂ ੨੦੮੧ ਬਿ.
1 ਤੋਂ 15 ਸਤੰਬਰ 2024 ਈ.
ਜਿਲਦ 104, ਨੰਬਰ 15



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ, ਸੁਵਰਨ ਸਿੰਘ ਵਿਰਕ, ਹਰਪਾਲ ਸਿੰਘ ਸੇਵਕ, ਸੰਤ ਨਿਸ਼ਾਨ ਸਿੰਘ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan, Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ, ਗੁਰਭਗਤ ਸਿੰਘ



*Printed and Published by
Mr. Harvendra Singh Hanspal
on behalf of Namdhari Darbar.
Printed at Summit advertising press,
2DLF (Part), Moti Nagar, New Delhi
and Published from Namdhari Gurdwara,
Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਤਰਨ ਬੱਲ
ਯੁਵਰਾਜ ਸਿੰਘ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
*Email- Satjug@sribhainisahib.com*


# ਤਤਕਰਾ


* ਸੰਪਾਦਕੀ.......4
* ਗੁਰਬਾਣੀ ਵਿਆਖਿਆ.......6
* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ.......8
* ਸ੍ਰੀ ਮਾਤਾ ਭੁਪਿੰਦਰ ਕੌਰ ਜੀ
  ਪ੍ਰੀਤਮ ਸਿੰਘ ਕਵੀ.......10
* ਸ਼ੇਖ ਹਸੀਨਾ ਦਾ ਪਤਨ ਅਤੇ ਬੰਗਲਾਦੇਸ਼ ਦਾ ਭਵਿੱਖ
  ਆਨੰਦ ਕੁਮਾਰ.......13
* ਗੁਰਮਤਿ ਵਿੱਚ ਮੌਤ ਦਾ ਸੰਕਲਪ
  ਨਰੈਣ ਸਿੰਘ ਜਲੰਧਰ.......15
* ਪ੍ਰੇਮ ਦਾ ਪਾਤਰ : ਪਦਮ ਸ੍ਰੀ ਸੁਰਜੀਤ ਪਾਤਰ ਅਤੇ ਨਾਮਧਾਰੀ-ਸਿੱਖ ਸਮਾਜ
  ਹਰਪਾਲ ਸਿੰਘ ਸੇਵਕ.......21
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ.......25
* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ.......28
* Concerts at Shri Bhaini Sahib: A tribute to musical legacy
  Dr. Gurdeep Singh Sandhu.......31
* Benevolence Bestowed on Womankind by Satguru Ram Singh
  Mohinder Singh Kuka.......36
* ਕਾਵਿ-ਕਿਆਰੀ.......39
* ਖ਼ਬਰਨਾਮਾ.......40


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

**ਮਾਤਾ ਭੁਪਿੰਦਰ ਕੌਰ ਜੀ ਨੂੰ ਯਾਦ ਕਰਦਿਆਂ**

# ਸੰਪਾਦਕੀ

ਅੱਜ ਸੌ ਸਾਲ ਪੂਰੇ ਹੋ ਗਏ ਮਾਤਾ ਜੀ ਨੂੰ ਬ੍ਰਹਮਲੀਨ ਹੋਇਆਂ। ਆਪ ਜੀ ਦੇ ਤਿਆਗ, ਸੇਵਾ, ਸਿਮਰਨ ਅਤੇ ਪ੍ਰੇਮਾ ਭਗਤੀ ਨੇ ਗੁਰੂ-ਇਤਿਹਾਸ ਵਿੱਚ ਨਿਵੇਕਲਾ ਸਥਾਨ ਪ੍ਰਾਪਤ ਕੀਤਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਆਪ ਦਾ ਸਾਥ ਭਾਂਵੇ ਸਿਰਫ਼ ਦੱਸ ਸਾਲ ਦਾ ਸੀ ਇਸ ਛੋਟੇ ਜਹੇ ਕਾਲ ਕਰਮ ਵਿੱਚ ਆਪ ਨੇ ਪਤੀ ਪ੍ਰਮੇਸ਼ਰ ਨੂੰ ਪ੍ਰੇਮ, ਤਪੱਸਿਆ, ਪਰਉਪਕਾਰੀ ਬਿਰਤੀ, ਤਿਆਗੀ ਅਤੇ ਸੇਵਕੀ ਸੁਭਾਅ ਜਿਹੇ ਅਨੇਕ ਗੁਣਾਂ ਨਾਲ ਰਿਝਾਇਆ। ਇਸ ਲਈ ਆਪ ਦੇ ਅਕਾਲ ਚਲਾਣੇ ਤੋਂ ਬਾਅਦ ਜਦੋਂ ਸਿਖਾਂ ਸਾਧਾਂ ਨੇ ਮਾਤਾ ਜੀਵਨ ਕੌਰ ਜੀ ਨੂੰ ਸਤਿਗੁਰੂ ਜੀ ਦੇ ਦੂਜੇ ਅਨੰਦ ਲਈ ਅਰਜ ਕੀਤੀ ਤਾਂ ਮਾਤਾ (ਜੀਵਨ ਕੌਰ) ਜੀ ਨੇ ਸਤਿਗੁਰੂ ਜੀ ਕਿਹਾ "ਤੂੰ ਹੈਂ ਤਾਂ ਮਰਜੀ ਦਾ ਮਾਲਕ ਪਰ ਮੈਂ ਜੋ ਜੀਅ ਵਿੱਚ ਆਈ ਹੈ ਆਖ ਦੇਂਦੀ ਹਾਂ, ਤੂੰ ਜੇ ਮੰਨੇ ਤਾਂ ਹੋਰ ਅਨੰਦ ਹੋਵੇ।

ਸਤਿਗੁਰੂ ਜੀ ਉਤਰ ਦਿੱਤਾ "ਜੇ ਉਹੋ ਜਿਹੀ ਹੈ ਤਾਂ ਦੱਸੋ" ਮਾਤਾ ਜਿਊਣ ਕੌਰ ਜੀ ਚੁਪ ਕੀਤੇ ਵਾਪਸ ਮੁੜ ਆਏ ਤੇ ਫਿਰ ਜਿਹੜਾ ਕਹੇ ਉਸ ਨੂੰ ਉਤਰ ਦੇਣ, ਨਾ ਭੁਪਿੰਦਰ ਕੌਰ ਜਿਹੀ ਕੋਈ ਹੈ, ਨਾ ਹੋਵੇ ਤੇ ਨਾ ਮੈਂ ਉਨ੍ਹਾਂ ਨੂੰ ਕਵ੍ਹਾਂ" (ਜੱਸ ਜੀਵਨ-2)

ਮਾਤਾ ਭੁਪਿੰਦਰ ਕੌਰ ਜੀ ਦਾ ਜਨਮ ਕੱਤਕ 1955 ਬ੍ਰਿ. (ਮੁਤਾਬਿਕ ਨਵੰਬਰ 1898 ਈ.) ਪਿਤਾ ਸ. ਸੁੰਦਰ ਸਿੰਘ ਅਤੇ ਮਾਤਾ ਰਾਮ ਕੌਰ ਜੀ ਦੇ ਘਰ ਹੋਇਆ। ਮਾਤਾ ਜੀ ਪਹਿਲਾ ਨਾਮ ਵੀਰ ਕੌਰ ਸੀ। ਜਦੋਂ ਆਪ ਦਾ ਸਬੰਧ ਗੁਰੂ ਘਰ ਨਾਲ ਜੁੜਿਆ ਤਾਂ ਆਪ ਜੀ ਦਾ ਨਾਮ ਭੁਪਿੰਦਰ ਕੌਰ ਰੱਖਿਆ ਗਿਆ।

ਮਾਤਾ ਭੁਪਿੰਦਰ ਕੌਰ ਜੀ ਦਾ ਅਨੰਦ ਕਾਰਜ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ 20 ਦਸੰਬਰ 1914 ਈ. ਨੂੰ ਹੋਇਆ। ਸਿੱਖ ਪ੍ਰੰਪਰਾ ਵਿੱਚ ਇਹ ਪਹਿਲਾ ਮੌਕਾ ਸੀ ਜਦੋਂ ਕਿਸੇ ਸਤਿਗੁਰੂ ਸਹਿਬਾਨ ਦਾ ਅਨੰਦ ਕਾਰਜ ਪੂਰਨ ਗੁਰ ਮਰਿਆਦਾ ਨਾਲ ਹੋਇਆ ਸੀ। ਮਾਤਾ ਜੀ ਦਾ ਪੇਕਾ ਪਰਿਵਾਰ ਰੱਜਿਆ ਪੁੱਜਿਆ ਜ਼ਿਮੀਦਾਰ ਪਰਿਵਾਰ ਸੀ ਪਰ ਗੁਰੂ ਘਰ ਆ ਮਾਤਾ ਜੀ ਨੇ ਦਿਨ ਰਾਤ ਗੁਰੂ ਘਰ ਦੀ ਸੇਵਾ ਕੀਤੀ।

ਆਪ ਅਤਿ ਦੇ ਨਿਰਮਾਣ, ਸੇਵਾ ਸੁਭਾਅ ਵਾਲੇ ਸੀ। ਇਕ ਵਾਰੀ ਨਹਿਰ ਦੇ ਡੇਰੇ ਬੈਠੇ ਸੰਤਾ ਸਾਧਾ ਕੋਲ ਰਸਤ ਮਸਤਾਨੀ (ਖਤਮ) ਹੋ ਗਈ। ਉਨ੍ਹਾਂ ਮਾਤਾ ਭੁਪਿੰਦਰ ਕੌਰ ਜੀ ਕੋਲ ਜਾ ਅਰਜ਼ ਕੀਤੀ "ਸਤਿਗੁਰੂ ਜੀ ਅਜੇ ਦੇਰੀ ਨਾਲ ਆਉਣਗੇ ਪਰ ਰਸਤਾਂ ਮਸਤਾਨੀਆਂ ਹੋ ਗਈਆਂ ਹਨ। ਸ੍ਰੀ ਭੈਣੀ ਸਾਹਿਬੋਂ ਰਸਤ ਲਿਆਉਣ ਦੀ ਸਾਨੂੰ ਸਤਿਗੁਰੂ ਜੀ ਵਲੋਂ ਅਗਿਆ ਨਹੀਂ।" ਮਾਤਾ ਜੀ ਇਕ ਮੁੰਦਰੀ ਸੋਨੇ ਦੀ ਸੰਦੂਕ 'ਚੋ ਲਿਆ ਸੰਤ ਮੋਹਨ ਸਿੰਘ ਦੇ ਹੱਥ ਫੜਾਈ ਕਿਹਾ "ਰਸਤਾਂ ਲੈ ਆਵੋ।" ਜਦੋਂ ਸਤਿਗੁਰੂ ਜੀ ਆਏ ਤਾਂ ਉਨ੍ਹਾਂ ਪੁੱਛਿਆ "ਰਸਤਾਂ ਦਾ ਕਿਵੇਂ ਸਰਿਆ ਮੈਨੂੰ ਫਿਕਰ ਹੋ ਰਹੀ ਸੀ, ਦਿਨ ਜ਼ਿਆਦਾ ਲੱਗ ਗਏ।" "ਸਾਧਾਂ ਕਿਹਾ ਮਾਂ ਦੇ ਹੁੰਦੇ ਪੁੱਤਰ ਭੁੱਖੇ ਨਹੀਂ ਰਹਿ ਸਕਦੇ" ਮੁੰਦਰੀ ਵਾਲੀ ਗੱਲ ਦੱਸੀ। ਸਤਿਗੁਰੂ ਜੀ ਅਪਾਰ ਖੁਸ਼ੀਆਂ ਬਖ਼ਸ਼ੀਆਂ ਤੇ ਉਨ੍ਹਾਂ ਦੇ ਬੋਲਾਂ ਨੂੰ ਵਹਿਮੀ ਜੀ ਕਲਮ ਬੰਧ ਕਰਦੇ ਹਨ "ਭੁਪਿੰਦਰ ਕੌਰ ਨੇ ਰੁਪੈ ਕਾਮੈ ਦੋਸਤੀ 'ਤੋਂ ਉਪਰ ਲੰਘ ਕੇ ਸਾਧ ਸੰਗਤ ਦੀ ਪ੍ਰੀਤ ਨੂੰ ਪਾਲਿਆ ਹੈ। ਨਹੀਂ ਤੇ ਲੋਕ ਆਖਦੇ ਹਨ ਜਨਾਨੀਆਂ ਨੂੰ ਪੁਤ੍ਰ ਨਾਲੋਂ ਦੁੱਧ ਪਿਆਰਾ ਤੇ ਦੁੱਧ ਨਾਲੋਂ ਮਕਾਨ। ਰੁਪੈ ਤੇ ਕਾਮਣ ਦੀ ਦੋਸਤੀ ਜਾਣੇ ਕੁਲ ਜਹਾਨ। ਮੈਂ ਉਸ ਨੂੰ (ਭੁਪਿੰਦਰ ਕੌਰ ਨੂੰ) ਮੂਹੋਂ ਕੁਝ ਨਹੀਂ ਕਹਿਣਾ। ਮਤ ਕੁਝ ਗੁਮਾਨ ਉਸ ਦੇ ਮਨ ਵਿੱਚ ਆਵੇ ਪਰ ਮਨੋਂ ਅੱਜ ਤੋਂ ਉਸ ਤੇ ਪੂਰਾ ਖੁਸ਼ ਹੋ ਗਿਆ ਹਾਂ।"

ਆਪਣੇ ਪਤੀ ਸਤਿਗੁਰੂ ਜੀ ਦੇ ਹੁਕਮ ਮੁਤਾਬਿਕ ਕਿਵੇਂ ਵਰਤਣਾ ਹੈ। ਸਾਨੂੰ ਮਾਤਾ ਭੁਪਿੰਦਰ ਕੌਰ ਜੀ ਦੇ ਜੀਵਨ ਵਿਚੋਂ ਸਪਸ਼ਟ ਹੁੰਦਾ ਹੈ। ਇਸ ਵਾਸਤੇ ਹੀ ਜਦੋਂ ਆਪ ਜੀ ਤਪਦਿਕ ਦੇ ਰੋਗ ਕਾਰਨ ਅਸਵਸਥ ਸੀ ਤਾਂ ਸਤਿਗੁਰੂ ਜੀ ਆਪਣਾ ਨੇਮ ਛੱਡ ਰਾਤ ਮਿਲਣ ਆਉਣਾ ਤੇ ਧਰਵਾਸਾ ਦੇਣਾ। ਇਸ ਅਸਾਧ ਰੋਗ ਕਾਰਨ ਹੀ 21 ਭਾਦਰੋਂ 1981 ਬਿ. (14 ਸਤੰਬਰ 1924) ਨੂੰ ਆਪ ਪੰਜ ਭੂਤਕ ਦੇਹੀ ਨੂੰ ਛੱਡ ਗਏ। ਜਦੋਂ ਤੀਜੇ ਦਿਨ ਆਪ ਦੀਆਂ ਅਸਤੀਆਂ (ਫੁੱਲ) ਰੋਪੜ ਵਾਲੀ ਨਹਿਰ 'ਚ ਸਤਿਗੁਰੂ ਜੀ ਸਿੱਖਾਂ ਸੇਵਕਾਂ ਸਮੇਤ ਜਲ ਪ੍ਰਵਾਹ ਕਰਨ ਗਏ ਬਚਨ ਕੀਤਾ (ਵਹਿਮੀ ਜੀ ਨੇ ਜਸ ਜੀਵਨ ਦੇ ਦੂਜੇ ਭਾਗ ਵਿੱਚ ਅੰਕਿਤ ਕੀਤਾ ਹੈ) "ਇਸ ਜਗਤ ਦਾ ਸਰੀਰਕ (ਜਿਸਮਾਨੀ) ਸਾਥ ਏਥੋਂ ਤੱਕ ਹੁੰਦੇ ਤੇ ਨਿਸ਼ਾਨੀ ਸਾਕ ਉਚਰ (ਉਦੋਂ ਤੱਕ) ਹੁੰਦੈ ਜਿਚਰ (ਜਦੋਂ ਤੱਕ) ਉਲਾਦ ਹੋਵੇ। ਜਿਵੇਂ ਭੁਪਿੰਦਰ ਕੌਰ ਦੇ ਕਾਕੇ- ਬੇਅੰਤ, (ਸਤਿਗੁਰੂ ਜਗਜੀਤ ਸਿੰਘ ਜੀ) ਤੇ ਬੀਰ ਸਿੰਘ ਜੀ ਹਨ। ਅਹਿਸਾਨੀ ਸਾਕ ਉਚਰ ਹੁੰਦੈ ਜਿਚਰ ਤੱਕ ਜਾਨਣ ਮਨਣ ਵਾਲਿਆਂ ਦੇ ਦਿਲ ਤੇ ਅਹਿਸਾਨ ਜਿਵੇਂ ਗੁਰੂ ਜੀ ਨੇ ਲਿਖਿਆ ਹੈ, "ਮੋਇਆ ਗੰਢ ਨੇਕੀ ਸਭ ਹੋਇ॥ (ਭਾਵ ਜਿਚਰ ਮੋਇਆਂ ਦੀ ਨੇਕੀ ਤੇ ਸਤ ਦੀ ਯਾਦ ਰਵੇ। ਉਚਰ ਉਹਨਾਂ ਨਾਲ ਸੰਬੰਧ ਰਹਿੰਦਾ ਹੈ) ਇਹ ਸੁਣ ਭਾਈ ਵਜੀਰ ਸਿੰਘ ਅਰਜ਼ ਕੀਤੀ ਦੋ ਸਾਕ ਤੇ ਭੁਪਿੰਦਰ ਕੌਰ ਦੇ ਅਸਾਂ ਜਾਣੇ ਜੋ ਆਪ ਨੇ ਅਸਥੀਆਂ ਪ੍ਰਵਾਹ ਤੇ ਬਾਬਿਆਂ ਦਾ ਹੋਣਾ ਦਸੇ ਹਨ।

ਤੀਜਾ ਕੋਈ ਮਾਤਾ ਭੁਪਿੰਦਰ ਕੌਰ ਦਾ ਸਾਕ ਹੈ ਕਿਸੇ ਦੇ ਯਾਦ ਰੱਖਣ ਜੋਗ ਤਾਂ ਸਤਿਗੁਰੂ ਜੀ ਉਤਰ ਦਿੱਤਾ "ਮੈਂ ਨਹਿਰ ਤੇ 77 ਸਮੰਤ (1921) 'ਚ ਨੇਮ ਅਰੰਭਿਆ ਸੀ ਤੇ ਭੁਪਿੰਦਰ ਕੌਰ ਕਿਹਾ ਸੀ ਮੇਰਾ ਭੀ ਜੀਅ ਕਰਦੈ ਕਿ ਮੈਂ ਭੀ ਸਭ ਨੇਮ ਆਪ ਜੀ ਤਰ੍ਹਾਂ ਕਰਾਂ। ਮੈਂ ਝਟ ਸਮਝ ਗਿਆ ਸਾਂ ਇਹ ਅਰਜ਼ ਕੁੱਲ ਇਸਤਰੀ ਜਾਤੀ ਦੀ ਆਤਮਾ ਦੇ ਨੇੜੇ ਦੀ ਏ। ਮੈਂ ਸਭ ਸੁਚ ਸੰਜਮ ਸਮਝਾ ਦਿੱਤੀ। ਉਸ ਸਭ ਸਾਥਣਾ ਨੂੰ ਸਾਥ ਲੈ ਨੇਮ ਕੀਤਾ। ਉਸ ਦਿਨ ਤੋਂ ਸਭ ਮਾਈਆਂ ਬੀਬੀਆਂ ਸਾਵੀਂ ਭਗਤੀ ਪਾਠ ਵਰਨੀ ਦੀ ਸਿੱਖਾਂ ਸਮਾਨ ਕਰਦੀਆਂ ਹਨ।" ਮਾਤਾ ਜੀ ਦੇ ਪਰਉਪਕਾਰਾਂ ਦੀ ਦਾਸਤਾਨ ਬਹੁਤ ਵੱਡੀ ਹੈ। ਆਪ ਭਜਨ ਬੰਦਗੀ ਦੀ ਇਕ ਬਲਵਾਨ ਮੂਰਤ ਸਨ।

.....................................................................

# ਗੁਰਬਾਣੀ ਵਿਆਖਿਆ - ਚੰਡੀ ਦੀ ਵਾਰ

**ਪਉੜੀ॥**
**ਸੁੰਭ ਨਿਸੁੰਭ ਰਿਸਾਏ ਮਾਰੇ ਦੈਤ ਸੁਣਿ॥**
ਦੈਤਾਂ ਦਾ ਮਾਰੇ ਜਾਣਾ ਸੁਣ ਕੇ ਸੁੰਭ ਅਤੇ ਨਿਸੁੰਭ ਕ੍ਰੋਧਵਾਨ ਹੋ ਗਏ।
This news angered Sumbh and Nisumbh.

**ਜੋਧੇ ਸਭ ਬੁਲਾਏ ਅਪਣੇ ਮਜਲਸੀ॥**
ਆਪਣੇ ਸਾਰੇ ਹੀ ਸੂਰਵੀਰ ਸਭਾ ਲਈ ਬੁਲਾਏ।
They called upon all their mighty soldiers.

**ਜਿਨੀ ਦੇਉ ਭਜਾਏ ਇੰਦ੍ਰ ਜੇਹਵੇ॥**
ਸਭਾ ਵਿੱਚ ਗੱਲ ਚੱਲੀ ਕਿ ਜਿਨ੍ਹਾਂ ਦੈਂਤਾਂ ਨੇ ਇੰਦਰ ਵਰਗੇ ਦੇਵਤੇ ਵੀ ਭਜਾਏ ਸਨ।
Word spread in the meeting that demons who were able to defeat the mighty Indra but they,

**ਤੇਈ ਮਾਰ ਗਿਰਾਏ ਪਲ ਵਿਚਿ ਦੇਵਤਾਂ॥**
ਦੇਵੀ ਦੁਰਗਾ ਨੇ ਤਾਂ ਪਲ ਵਿੱਚ ਉਹਨਾ ਨੂੰ ਵੀ ਮਾਰ ਸੁੱਟਿਆ।
...have been no match for the goddess Durga.

**ਓਨੀ ਦਸਤੀ ਦਸਤਿ ਵਜਾਏ ਤਿਨ੍ਹਾਂ ਚਿਤ ਕਰਿ॥**
ਉਨਾਂ ਨੂੰ ਯਾਦ ਕਰਕੇ ਦੈਂਤ ਹੱਥਾਂ 'ਤੇ ਹੱਥ ਮਾਰ ਰਹੇ ਸਨ।
Whilst remembering their fallen, their hands expressed sorrow.

**ਫਿਰ ਸ੍ਰਣਵਤ ਬੀਜ ਚਲਾਏ ਬੀੜੇ ਰਾਇ ਦੇ॥**
ਫਿਰ ਇਹ ਗੱਲ ਸੁਣ ਕੇ ਰਾਜੇ ਸੁੰਭ ਨੇ ਜੰਗੀ ਇੰਤਜ਼ਾਮ ਦੇ ਕੇ ਸ੍ਰੌਣਤ ਬੀਜ ਨਾਮਕ ਦੈਂਤ ਨੂੰ ਪਾਨਾਂ ਦਾ ਬੀੜਾ ਦੇ ਕੇ ਭੇਜਿਆ।
King Sumbh became aware of this talk,
and then gave Sranwat-Beej marijuana and prepared him for war.

**ਸੰਜ ਪਟੇਲਾ ਪਾਏ ਚਿਲਕਤ ਟੋਪੀਆਂ॥**
ਸੂਰਮਿਆਂ ਨੇ ਸੰਜੋਆਂ, ਪਟੇਦਾਰ ਸੰਜੋਆਂ ਅਤੇ ਸਿਰਾਂ ਤੇ ਲਿਸ਼ਕਦੀਆਂ ਹੋਈਆਂ ਜੰਗੀ ਟੋਪੀਆ ਪਾਈਆਂ।
His army was equipped with leg and body armour.
Their heads were protected by shiny new helmets.

**ਲੁੱਝਣ ਨੋ ਅਰੜਾਏ ਰਾਕਸ ਰੋਹਲੇ॥**
ਗੁੱਸੇ ਨਾਲ ਭਰੇ ਰਾਖਸ਼ ਲੜਨ ਲਈ ਲਲਕਾਰੇ ਮਾਰਨ ਲੱਗੇ।
Filled with anger, they shouted out war chants.

**ਕਦੇ ਨ ਕਿਨੈ ਹਟਾਏ ਜੁੱਝ ਮਚਾਇ ਕੈ॥**

ਜਿਹਨਾਂ ਨੂੰ ਕਦੀ ਕਿਸੇ ਨੇ ਜੰਗ ਵਿਚੋਂ ਹਰਾ ਕੇ ਨਹੀਂ ਭਜਾਇਆ।

No one had managed to scare these soldiers away from the battlefield.

**ਮਿਲ ਤੇਈ ਦਾਨੋ ਆਏ ਹੁਣ ਸੰਘਰਿ ਦੇਖਣਾ॥33॥**

ਉਹ ਦੈਂਤ ਮਿਲ ਕੇ ਆ ਗਏ ਕਿ ਹੁਣ ਇਹ ਜੰਗ ਵੀ ਵੇਖਣਾ ਹੈ, ਕਿਹੜਾ ਸੂਰਮਾ ਪੈਦਾ ਹੋ ਗਿਆ ਸਾਡੇ ਨਾਲ ਲੜਨ ਵਾਲਾ?

Other demons gathered to watch, pondering if anyone could match their might.

**ਪਉੜੀ॥**

**ਦੈਤੀਂ ਡੰਡ ਉਭਾਰੀ ਨੇੜੈ ਆਇ ਕੈ॥**

ਦੁਰਗਾ ਦੇ ਨੇੜੇ ਆ ਕੇ ਦੈਂਤਾਂ ਨੇ ਰੌਲੀ ਪਾ ਦਿੱਤੀ।

The demon army roared louder as Durga came closer.

**ਸਿੰਘ ਕਰੀ ਅਸਵਾਰੀ ਦੁਰਗਾ ਸ਼ੋਰ ਸੁਣਿ॥**

ਦੁਰਗਾ ਨੇ ਰੌਲਾ ਸੁਣ ਕੇ ਸ਼ੇਰ 'ਤੇ ਸਵਾਰੀ ਕਰ ਲਈ।

Hearing them, Durga mounted her lion.

**ਖੱਬੈ ਦਸਤ ਉਭਾਰੀ ਗਦਾ ਫਿਰਾਇ ਕੈ॥**

ਖੱਬੇ ਹੱਥ ਵਿੱਚ ਉੱਚੀ ਕਰਕੇ ਗਦਾ ਘੁਮਾਈ।

She raised a Gada (blunt mace) into the air with her left hand.

**ਸੈਨਾ ਸਭ ਸੰਘਾਰੀ ਸ੍ਰਣਵਤ ਬੀਜ ਦੀ॥**

ਸ੍ਰੌਣਤ ਬੀਜ ਦੀ ਸਾਰੀ ਫੌਜ ਮਾਰ ਦਿੱਤੀ।

She obliterated Sarounat-Beej's entire army.

**ਜਣੁ ਮਦ ਖਾਇ ਮਦਾਰੀ ਘੂਮਨ ਸੂਰਮੇ॥**

ਸੂਰਮੇ ਇਸ ਤਰ੍ਹਾਂ ਘੁਮੇਰੀਆਂ ਖਾਂਦੇ ਹਨ, ਜਿਵੇਂ ਸ਼ਰਾਬੀ ਸ਼ਰਾਬ ਪੀ ਕੇ।

These soldiers span like they were drunk after being hit.

**ਅਗਣਿਤ ਪਾਉ ਪਸਾਰੀ ਰੁਲੇ ਅਹਾੜ ਵਿਚ॥**

ਮੈਦਾਨੇ-ਜੰਗ ਵਿੱਚ ਬੇਗਿਣਤ ਸੂਰਮੇ ਪੈਰ ਪਸਾਰ ਕੇ ਸਦਾ ਦੀ ਨੀਂਦ ਸੌਂ ਗਏ।

Countless brave warriors lay dead on the battlefield.

**ਜਾਪੈ ਖੇਡ ਖਿਡਾਰੀ ਸੁੱਤੇ ਫਾਗ ਨੂੰ॥34॥**

ਖੂਨ ਵਿੱਚ ਲੱਥ-ਪੱਥ ਸੂਰਮੇ ਇਓਂ ਮਾਲੂਮ ਪੈਂਦੇ ਹਨ ਕਿ ਖਿਡਾਰੀ ਹੋਲੀ ਖੇਡ ਕੇ ਸੁੱਤੇ ਹੋਏ ਹੋਣ।

They were covered in blood, it looked as if they had played an exhausting game of holi.

**ਨਾਮਧਾਰੀ ਨਿਤਨੇਮ ਸਟੀਕ 'ਚੋਂ**

# ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ

**24-7-2024** **ਟੋਰਾਂਟੋ, ਕੈਨੇਡਾ**



ਸਾਧ ਸੰਗਤ ਜੀ ਮਨ ਬਿਰਤੀ ਇਕਾਗਰ ਕਰੋ ਇਕ ਵਾਰੀ ਸਾਰੇ ਹੀ ਬੜੇ ਪਿਆਰ ਨਾਲ ਆਖੀਏ ਧੰਨ ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ। ਇਕ ਵਾਰੀ ਫਿਰ ਕਿਰਪਾ ਕਰੋ ਉਸ ਪਾਤਸ਼ਾਹ ਨੂੰ ਯਾਦ ਕਰੀਏ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਦੀ ਸਿੱਖੀ ਨਾਲ ਸਾਨੂੰ ਜੋੜ ਕੇ ਰੱਖਿਆ, ਬੜੇ ਪਿਆਰ ਨਾਲ ਆਖੀਏ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ। ਸਾਧ ਸੰਗਤ ਜੀ ਪਿਛਲੇ 6-7 ਦਿਨ ਤੋਂ ਤੁਹਡੇ ਦਰਸ਼ਨਾਂ ਦਾ, ਇਹ ਸਾਧ ਸੰਗਤ ਕਰਨ ਦਾ ਮੌਕਾ ਮਿਲਿਆ ਹੈ, ਹਰ ਜੱਸ ਕਰਨ ਦਾ ਮੌਕਾ ਮਿਲਿਆ ਹੈ, ਕੀਰਤਨ ਕਰਨ ਦਾ ਮੌਕਾ ਮਿਲਿਆ ਹੈ, ਨਾਮ-ਜੱਪਣ ਦਾ ਮੌਕਾ ਮਿਲਿਆ ਹੈ। ਕਈ ਵਾਰੀ ਆਪਾਂ ਸਮਝਦੇ ਨਹੀਂ ਕਿ ਇਸ ਦੀ ਕੀ ਮਹੱਤਤਾ ਹੈ ਪਰ ਮੈ ਅਰਜ਼ ਕਰਾਂ ਕਿ ਇਹ ਮੌਕਾ ਭਾਗਾਂ ਨਾਲ ਮਿਲਦਾ ਹੈ। ਪਹਿਲੀ ਗੱਲ ਕਿ ਭਾਗਾਂ ਤੋਂ ਬਿਨਾਂ ਇਹ ਮਨੁੱਖ ਜਨਮ ਨਹੀਂ ਮਿਲਦਾ, ਫਿਰ ਜੇ ਮਨੁੱਖ ਜਨਮ ਮਿਲ ਜਾਵੇ ਤਾਂ ਫਿਰ ਇਨਸਾਨ ਹਰ ਜੱਸ ਵੱਲ ਨਹੀਂ ਆਉਂਦਾ। ਗੁਰੂ ਨਾਨਕ ਦੇਵ ਜੀ ਦੇ ਪੰਥ ਵਿੱਚ ਆਏ ਹਾਂ, ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨ ਪਰਸ਼ਨ ਦਾ ਮੌਕਾ ਮਿਲਿਆ ਹੈ। ਇਹ ਸਭ ਉਹਨਾਂ ਦੀ ਕਿਰਪਾ ਨਾਲ ਭਾਗ ਬਣਿਆ ਹੈ। ਮੈਂ ਆਪ ਜੀ ਨੂੰ ਕੁਝ ਅਰਜ਼ਾਂ ਕਰਨੀਆਂ ਚਾਹਾਂਗਾ, ਤੁਸੀ ਪਿਛਲੇ 8-10 ਸਾਲਾਂ 'ਚ ਭਾਰਤ ਵਿੱਚੋਂ ਇੱਥੇ ਆਏ ਓ। ਜ਼ਿੰਦਗੀ ਦੀਆਂ ਕੁਝ ਚੁਣੌਤੀਆਂ ਹੁੰਦੀਆਂ, ਕੁਝ ਖੁਸ਼ ਵੀ ਨੇ, ਕੁਝ ਸੰਘਰਸ਼ ਵਿੱਚੋਂ ਵੀ ਲੰਘ ਰਹੇ ਹਾਂ ਪਰ ਸਾਡੀ ਇਹ ਬੜੀ ਪਿਆਰੀ ਸਾਂਝ ਸਿੱਖੀ ਦੀ ਹੈ। ਸਤਿਗੁਰੂ ਨਾਨਕ ਪਾਤਸ਼ਾਹ ਨੇ ਸਾਨੂੰ ਨਾਮ ਦੇ ਨਾਲ ਜੋੜਿਆ ਉਸ ਨਾਮ ਦੇ ਨਾਲ ਅਸੀਂ ਜੁੜੇ ਰਹੀਏ, ਕਿਉਂਕਿ ਉਹ ਸੁੱਖ ਦਾ ਰਾਸਤਾ ਹੈ।

ਮੈਂ ਕਈ ਵਾਰ ਕਿਹਾ ਸਿੱਖੀ ਇੱਕ ਜੀਵਨ ਜਾਂਚ ਹੈ। ਸਾਰੇ ਕਾਰ-ਵਿਹਾਰ ਕਰਦਿਆਂ ਹੋਇਆ ਕਿਤੇ ਤੁਹਾਡਾ ਅੰਮ੍ਰਿਤ ਵੇਲੇ ਦਾ ਉੱਠਣਾ ਨਾ ਮੁੱਕ ਜਾਵੇ, ਤੁਹਾਡਾ ਨਾਮ ਸਿਮਰਨ ਨਾ ਮੁੱਕ ਜਾਵੇ, ਗੁਰਬਾਣੀ ਪੜ੍ਹਨ ਦਾ ਸਮਾਂ ਨਾ ਮੁੱਕ ਜਾਵੇ। 'ਹਰਿ ਕੋ ਨਾਮਿ ਸਦਾ ਸੁਖ ਦਾਈ॥' ਉਹ ਸਦਾ ਹੀ ਸੁੱਖ ਦਿੰਦਾ ਹੈ। ਅਸੀਂ ਨਾਮ ਨੂੰ ਰਸਨਾ ਤੱਕ ਹੀ ਸੀਮਿਤ ਨਾ ਕਰ ਲਈਏ, ਉਹ ਨਾਮ ਸਾਡੇ ਅੰਦਰ ਵੀ ਜਾਵੇ, ਨਾਮ ਨਾਲ ਸਾਡਾ ਮਨ ਵੀ ਜੁੜੇ ਤੇ ਸਾਨੂੰ ਹਰ ਵੇਲੇ ਹੀ ਯਾਦ ਰਹੇ। ਸਿਮਰਨ ਦਾ ਭਾਵ ਹੈ 'ਯਾਦ' ਜਦੋਂ ਸਾਨੂੰ ਯਾਦ ਰਹਿੰਦਾ ਉਹ ਪਰਮਾਤਮਾ ਸਾਨੂੰ ਯਾਦ ਰਹਿੰਦਾ ਹੈ ਭਾਵੇਂ ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ ਯਾਦ ਰਹਿੰਦਾ, ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਨਾਲ ਯਾਦ ਰਹਿੰਦਾ, ਸਤਿਗੁਰੂ ਰਾਮ ਸਿੰਘ ਜੀ ਦੇ ਰੂਪ ਵਿੱਚ ਯਾਦ ਰਹਿੰਦਾ ਹੈ। ਤੁਸੀਂ ਕਿਸੇ ਵੀ ਰੂਪ ਵਿੱਚ ਯਾਦ ਰੱਖਦੇ ਹੋ ਉਹ ਸਾਰੇ ਇਕੋ ਹੀ ਹਨ। ਪ੍ਰਮਾਤਮਾ ਇਕ ਹੀ ਹੈ।

ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਤੋਂ ਸਿੱਖੀ ਹੈ ਜਦੋਂ ਕਿਤੇ ਵੀ ਜਾਂਦੇ ਹੋ ਤਾਂ ਅਰਦਾਸ ਕਰ ਕੇ ਜਾਇਆ ਕਰੋ, ਅਰਦਾਸ ਮਨੋਂ ਜੁੜ ਕੇ ਕਰ ਕੇ ਜਾਇਆ ਕਰੋ, ਅਰਦਾਸ ਤੋਂ ਭਾਵ ਇਹ ਹੈ ਕਿ ਸਤਿਗੁਰ ਸਾਡੇ ਹਾਜ਼ਰ ਨਾਜ਼ਰ ਰਹਿੰਦਾ ਕਿਉਂ ਜੋ ਅਸੀਂ ਉਸ ਨੂੰ ਯਾਦ ਰਖਦੇ ਹਾਂ। ਜਦੋਂ ਤੁਸੀ ਅਰਦਾਸ ਕਰੋਗੇ ਤਾਂ ਤੁਹਾਡੇ ਮਨ ਵਿੱਚ ਯਾਦ ਆਵੇਗੀ ਕਿਉਂਕਿ ਉਹ ਕਿਤੇ ਦੂਰ ਨਹੀਂ ਹੈ। ਉਹ ਹਰ ਵੇਲੇ ਸਾਡੇ ਨਾਲ ਹੈ। ਪਰ ਸਾਡਾ ਵਿਸ਼ਵਾਸ ਹੋਣਾ ਚਾਹੀਦਾ ਹੈ।

ਸਿੱਖੀ ਵਿੱਚ ਜੇ ਸਾਡਾ ਵਿਸ਼ਵਾਸ਼ ਨਹੀਂ ਹੈ ਤਾਂ ਫਿਰ ਸਿੱਖੀ ਬਣਦੀ ਨਹੀਂ, ਗੱਲ ਅੱਗੇ ਤੁਰਦੀ ਨਹੀਂ, ਸਾਨੂੰ ਇਹ ਵਿਸ਼ਵਾਸ ਹੋਵੇ ਮੇਰਾ ਸਤਿਗੁਰੂ ਅਕਾਲਪੁਰਖ ਹੈ, ਮੇਰਾ ਸਤਿਗੁਰੂ ਪ੍ਰਮਾਤਮਾ ਹੈ, ਉਹੀ ਮੈਨੂੰ ਦੇਣ ਵਾਲਾ ਹੈ, ਉਹ ਹੀ ਸਭ ਕੁਝ

ਕਰਨ ਕਰਵਾਉਣ ਵਾਲਾ ਹੈ, ਮੈਂ ਕੁਝ ਨਹੀਂ ਕਰਨ ਵਾਲਾ। ਜਦੋਂ ਸਾਡਾ ਇਹ ਵਿਸ਼ਵਾਸ ਬਣ ਜਾਂਦਾ ਫਿਰ ਸਾਨੂੰ ਦੁੱਖ ਹੁੰਦਾ ਹੀ ਨਹੀਂ।

ਅੱਜ ਗੱਲ ਕਰਦਿਆਂ ਗੁਰਲਾਲ ਸਿੰਘ ਨੇ ਗੁਰੂ ਅਰਜਨ ਦੇਵ ਜੀ ਦਾ ਦੁਨਿਆਵੀ ਤੌਰ ਤੇ ਦੁੱਖ ਦੀ ਗੱਲ ਕੀਤੀ ਸੀ ਕਿਉਂਕਿ ਉਹਨਾਂ ਨੂੰ ਤੇ ਕਦੀ ਕੋਈ ਦੁੱਖ ਹੁੰਦਾ ਹੀ ਨਹੀਂ। ਜੇ ਅਸੀਂ ਨਾਮ ਨਾਲ ਜੁੜੇ ਰਹੀਏ ਤਾਂ ਦੁੱਖ ਹੁੰਦਾ ਹੀ ਨਹੀਂ। ਇਕ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਦਾ ਉਪਦੇਸ਼ ਆਉਂਦਾ ਹੈ ਕਿ ਅੰਮ੍ਰਿਤ ਵੇਲੇ ਉੱਠ ਕੇ ਦੋ-ਤਿੰਨ ਘੰਟੇ ਨਾਮ ਸਿਮਰਨ ਜ਼ਰੂਰ ਕਰਿਆ ਕਰੋ ਤੇ ਮੈਂ ਗਰੰਟੀ ਦਿੰਦਾ ਹਾਂ ਕਿ ਉਹਨੂੰ ਕਦੀ ਦੁੱਖ ਨਹੀਂ ਲੱਗੇਗਾ। ਇਸ ਲਈ ਆਪਾ ਨਾਮ ਨਾਲ ਜੁੜੀਏ, ਬਾਣੀ ਨਾਲ ਜੁੜੀਏ।

ਬੜਾ ਸੋਹਣਾ ਬਚਨ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਦਾ ਹੁਕਮਨਾਮੇ ਵਿੱਚ ਆਉਂਦਾ ਹੈ ਕਿ ਖੀਮਾ, ਧੀਰਜ ਵਾਲਿਆਂ ਦੇ ਗੁਰੂ ਅੰਗ ਸੰਗ ਰਹਿੰਦਾ ਹੈ। ਸੋ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਹੁਕਮ ਕਰਦੇ ਹਨ ਕਿ ਇਕ ਪਾਸੇ ਸਾਡਾ ਆਪਣਾ ਬਲ ਹੈ, ਇਕ ਪਾਸੇ ਗੁਰੂ ਦਾ ਬਲ ਹੈ। ਸੋ ਕਿਸਦਾ ਬਲ ਵੱਡਾ ਹੈ? ਸਦਾ ਹੀ ਗੁਰੂ ਦਾ ਬਲ ਵੱਡਾ ਹੈ। ਪ੍ਰਮਾਤਮਾ ਦਾ ਬਲ ਵੱਡਾ ਹੈ। ਜੇ ਅਸੀਂ ਖਿਮਾ ਕਰਦੇ ਹਾਂ, ਜੇ ਅਸੀਂ ਧੀਰਜ ਰੱਖਦੇ ਹਾਂ ਤਾਂ ਗੁਰੂ ਸਦਾ ਹੀ ਸਾਡੇ ਅੰਗ ਸੰਗ ਹੈ। ਜਦੋਂ ਹੰਕਾਰ ਮੁਕ ਜਾਂਦਾ ਹੈ ਫਿਰ ਧੀਰਜ ਰਹਿ ਜਾਂਦੀ ਹੈ। ਜੇ ਜਿੰਦਗੀ ਵਿੱਚ ਦੁੱਖ ਆ ਵੀ ਗਿਆ ਹੈ ਤਾਂ ਧੀਰਜ ਰੱਖੀਏ। ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਅਰਦਾਸ ਕਰੀਏ ਕਿ ਅਸੀਂ ਤੇਰੇ ਹਾਂ ਇਹ ਦੁੱਖ ਵੀ ਤੇਰਾ ਹੀ ਦਿੱਤਾ ਹੈ ਤੇ ਇਸ ਵਿੱਚ ਸੁੱਖੀ ਰਹਿਣ ਦਾ ਬਲ ਵੀ ਤੂੰ ਹੀ ਬਖਸ਼।

ਸਤਿਗੁਰ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਜਿਕਰ ਕਰਦੇ ਹਨ ਕਿ ਜੇ ਕਿਸੇ ਤੋਂ ਲੈਣਾ ਤਾਂ ਭਾਈ ਗੁਣ ਲੈ ਲਉ ਔਗੁਣ ਤਾਂ ਸਾਡੇ ਖੁਦ ਕੋਲ ਬਹੁਤ ਹਨ। ਜਿਨ੍ਹਾਂ ਚਿਰ ਅਸੀ ਨਿਉਂਦੇ ਨਹੀਂ (ਨੀਵੇਂ ਨਹੀਂ) ਹੁੰਦੇ, ਆਪਣੇ ਅੰਦਰ ਨਹੀਂ ਵੇਖਦੇ ਉਨਾਂ ਚਿਰ ਸਾਨੂੰ ਆਪਣੇ ਔਗੁਣ ਦਿਖਦੇ ਹੀ ਨਹੀਂ ਹਨ। ਕਦੀ-ਕਦੀ ਜੇ ਅਸੀਂ ਖੁਦ ਦੇ ਔਗੁਣ ਦੇਖਣ ਲੱਗ ਜਾਈਏ ਤਾਂ ਅਸੀਂ ਸੁਖੀ ਹੋਣ ਲੱਗ ਜਾਂਦੇ ਹਾਂ ਤੇ ਸਾਡੇ ਔਗੁਣ ਘੱਟਣ ਲੱਗ ਜਾਂਦੇ ਹਨ ਤੇ ਗੁਣ ਆਉਣ ਲੱਗ ਜਾਂਦੇ ਹਨ।

ਗੁਰਬਾਣੀ ਨੇ ਜੀਵਨ ਨੂੰ ਚੰਗੀ ਤਰ੍ਹਾਂ ਕਿਵੇਂ ਜੀਣਾ ਹੈ ਸਾਨੂੰ ਜਾਂਚ ਦੱਸੀ ਹੈ। ਸਾਰੇ ਇਹ ਕਿਰਪਾ ਕਰਿਆ ਕਰੋ ਕਿ ਗੁਰਬਾਣੀ ਪੜ੍ਹਿਆ ਕਰੋ। ਘੱਟ ਤੋਂ ਘੱਟ ਪੰਜ ਬਾਣੀਆਂ ਦਾ ਪਾਠ ਜ਼ਰੂਰ ਕਰਿਆ ਕਰੋ। ਇਕ ਵਾਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਨੇ ਮੈਨੂੰ ਹੁਕਮ ਕੀਤਾ ਕਿ ਕਾਕਾ ਘੱਟ ਤੋਂ ਘੱਟ ਇਕ ਚੌਉਪੀ ਦਾ ਪਾਠ, ਇਕ ਅਸਟਪਦੀ ਤੇ ਸੁਖਮਨੀ ਸਾਹਿਬ ਵਿੱਚ ਜ਼ਰੂਰ ਪੜ੍ਹਿਆ ਕਰ। ਜਦੋਂ ਬਾਣੀ ਅੰਦਰ ਵੱਸਣ ਲੱਗ ਜਾਂਦੀ ਹੈ ਤਾਂ ਅਸੀਂ ਸੁਖੀ ਵੀ ਹੋਣ ਲੱਗ ਜਾਂਦੇ ਹਾਂ।

ਸਾਧ ਸੰਗਤ ਨੇ ਬਹੁਤ ਸੇਵਾ ਕੀਤੀ ਹੈ ਅਤੇ ਸੇਵਾ ਹੀ ਸਿੱਖੀ ਦਾ ਇੱਕ ਰਸਤਾ ਹੈ। ਸਭ ਨੇ ਸੇਵਾ ਬੜੇ ਚਾਅ ਨਾਲ ਕੀਤੀ ਹੈ। ਸੇਵਾ ਕਦੇ ਵੀ ਗਿਣਤੀ ਦੀ ਨਹੀਂ ਹੁੰਦੀ, ਸੇਵਾ ਤਾਂ ਮਨ ਦਾ ਭਾਵ ਹੈ। ਸੇਵਾ ਤਾਂ ਇਕ ਸ਼ਰਧਾ ਹੈ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਕੋਲ ਕਿਸੇ ਸਿੱਖ ਨੇ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਜੇ ਘਰ ਵਿੱਚ ਰਿਜਕ ਹੋਵੇ ਤਾਂ ਸਾਧ ਸੰਗਤ ਦੀ ਬਹੁਤ ਸੇਵਾ ਕਰੀਏ। ਹੁਣ ਤੇ ਗਰੀਬ ਨਿਵਾਜ਼ ਜੀ ਨੇ ਰਿਜਕ ਦੀ ਵੀ ਕਿਰਪਾ ਕੀਤੀ ਹੈ ਕਿਸੇ ਵੀ ਚੀਜ਼ ਦੀ ਕਮੀ ਨਹੀਂ ਛੱਡੀ। ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ ਹੈ ਕਿ ਜੇ ਕੋਈ ਘਰ ਆਵੇ ਤਾਂ ਪਾਣੀ ਦਾ ਗਿਲਾਸ ਦੀ ਸੇਵਾ ਵੀ ਮਨਜ਼ੂਰ ਹੋਵੇਗੀ। ਤੁਹਾਡੇ ਚਿਹਰੇ ਤੇ ਖੁਸ਼ੀ ਤੁਹਾਡਾ ਚਾਅ ਇਸ ਦੀ ਕੋਈ ਕੀਮਤ ਹੀ ਨਹੀਂ ਹੈ। ਉਹ ਕਿਸੇ ਗਿਣਤੀ ਵਿੱਚ ਨਹੀਂ ਉਹ ਕਰੋੜਾਂ ਵਿੱਚ ਵੀ ਪ੍ਰਾਪਤ ਨਹੀਂ ਹੁੰਦੀ। ਸੋ ਮੈਂ ਇਹ ਸਮਝਦਾ ਹਾਂ ਜਿਨ੍ਹਾਂ ਨੇ ਸੇਵਾ ਕੀਤੀ ਹੈ ਉਨ੍ਹਾਂ ਦੇ ਵੱਡੇ ਭਾਗ ਹਨ।

ਆਪਾਂ ਬਖਸ਼ਿਸ਼ ਮੰਗਿਆ ਕਰੀਏ ਤਾਂ ਕਿ ਕੋਈ ਕਿਣਕਾ ਸਾਡੇ ਅੰਦਰ ਵੱਸੇ। ਅਸੀਂ ਕਿਸੇ ਹੋਰ ਦਵਾਰੇ ਤੇ ਨਹੀਂ ਜਾਣਾ ਅਸੀਂ ਇਕ ਹੀ ਦਵਾਰੇ ਰਹਿਣਾ ਹੈ। ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਬਚਨ ਕਰਦੇ ਹਨ ਕਿ ਸੰਤ ਕਰਮ ਸਿੰਘ ਹੁਰੀਂ ਕੁਝ ਨਹੀਂ ਮੰਗਦੇ ਸਨ ਬਸ ਇਹ ਹੀ ਮੰਗਦੇ ਸਨ ਕਿ ਮੈਂ ਹਮੇਸ਼ਾ ਖੁਸ਼ ਰਹਿ ਸਕਾਂ। ਖੁਸ਼ੀਂ ਦੀ ਕੋਈ ਕੀਮਤ ਨਹੀਂ ਹੈ। ਬੜੇ ਵੱਡੇ ਵੱਡੇ ਕਰੋੜਾਂ ਪਤੀ ਅਖੀਰ ਵਿੱਚ ਆਤਮ ਹੱਤਿਆਂ ਕਰਦੇ ਹਨ ਤੇ ਇਕ ਮਿਹਨਤ ਕਰਨ ਵਾਲੇ ਦੇ ਚਿਹਰੇ ਤੇ ਖੁਸ਼ੀਂ ਹੁੰਦੀ ਹੈ। ਅਸੀਂ ਸਦਾ ਉਹਦੀ ਰਜ਼ਾ ਵਿੱਚ ਖੁਸ਼ ਰਹਿ ਸਕੀਏ।

ਤੁਸੀਂ ਵੀ ਅਰਦਾਸ ਕਰੋ ਕਿ ਮੇਰੇ ਤੇ ਵੀ ਕ੍ਰਿਪਾ ਹੋਵੇ, ਕਿ ਇਹ ਬਖਸ਼ਿਸ਼ ਹੋਵੇ ਸਿੱਖੀ ਮੈਨੂੰ ਵੀ ਮਿਲੇ। ਸੱਚੇ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਦੇ ਘਰ ਵਿੱਚੋਂ ਸਭ ਨੂੰ ਖੁਸ਼ੀਆਂ ਮਿਲਣ, ਸੱਚੇ ਪਾਤਸ਼ਾਹ ਬਖ਼ਸ਼ਿਸ਼ਾਂ ਕਰਨ।

ਸਤਿ ਸ੍ਰੀ ਅਕਾਲ।



# ਸ੍ਰੀ ਮਾਤਾ ਭੁਪਿੰਦਰ ਕੌਰ ਜੀ

**ਪ੍ਰੀਤਮ ਸਿੰਘ ਕਵੀ**

ਪਰਮ ਪ੍ਰਤਾਪੀ, ਗੁਰੂ ਨਾਨਕ ਫੁਲਵਾੜੀ ਦੇ ਪ੍ਰਤਿਪਾਲਕ, ਕਰਮਯੋਗੀ ਸੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਗ੍ਰਹਿ ਸ਼ੋਭਾ ਸ੍ਰੀ ਮਾਤ ਭੁਪਿੰਦਰ ਕੌਰ ਜੀ ਨਾਮਧਾਰੀ ਮਰਿਆਦਾ ਨਾਲ ਆਨੰਦ ਕਾਰਜ ਕਰਵਾ ਕੇ ੨੨ ਦਸੰਬਰ 1914, ਈ. ਦਿਨ ਮੰਗਲਵਾਰ (ਪੋਹ ੧੯੭੧ ਬਿ:) ਨੂੰ ਸ੍ਰੀ ਭੈਣੀ ਸਾਹਿਬ ਪਰਵੇਸ਼ ਕੀਤੇ। ਸਮੁਚੇ ਸਤਿਗੁਰਾਂ ਵਿਚੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਪਹਿਲੇ ਸਤਿਗੁਰੂ ਸਨ ਜਿਨ੍ਹਾਂ ਦਾ ਵਿਵਾਹ-ਸੰਜੋਗ ਗੁਰਬਾਣੀ ਦੀਆਂ ਲਾਵਾਂ ਦੇ ਪਾਠ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ 3 ਜੂਨ 1863 ਈ. ਤੋਂ ਪਿੰਡ ਖੋਟੇ ਜ਼ਿਲਾ ਫੀਰੋਜ਼ਪੁਰ ਵਿਚ ਜਾਰੀ ਕੀਤੀ ਆਨੰਦ ਮਰਿਆਦਾ ਨਾਲ ਪਰਵਾਨ ਚੜਿਆ। ਸ੍ਰੀ ਮਾਤ ਭੁਪਿੰਦਰ ਕੌਰ ਜੀ ਉਸ ਚੌਧਰੀ ਹਮੀਰ ਸਿੰਘ ਦੇ ਕੁਲ ਦੀਪਕ ਸਨ ਜਿਸਨੇ ਕਦੇ ਰਾਜਸਥਾਨ ਵਿਚ ਵਡੇਰੀਆਂ ਮੱਲਾਂ ਮਾਰੀਆਂ ਤੇ ਫੇਰ ਕਿਸੇ ਕਾਲ ਮਾਰੇ ਸਮੇਂ ਵਿਚ ਪੰਜਾਬ ਦੇ ਮਾਲਵਾ ਖੇਤਰ ਵਿਚ ਆ, ਅਬੋਹਰ ਦੇ ਲਾਗਚਾਂਗ ਕਈ ਪਿੰਡ ਵਸਾਏ। ਜਿਨ੍ਹਾਂ 'ਚੋਂ ਏਸ ਨਗਰ ਦਾ ਪਹਿਲਾ ਨਾਮ 'ਰੱਤਾ-ਵਾਸ' ਸੀ, ਜਿਸਨੂੰ ਪਿਛੋਂ ਜਾਕੇ 'ਗੱਦਾਂ-ਡੋਬ' ਕਿਹਾ ਜਾਣ ਲੱਗਾ। ਪ੍ਰੰਤੂ ਗੁਰੂ ਹਰੀ ਸਿੰਘ ਜੀ ਨੇ ਏਸ ਨਗਰ ਤੇ ਕ੍ਰਿਪਾ ਕੀਤੀ ਇਸਨੂੰ 'ਗੁਰੂ- ਸਰ' ਨਾਮ ਦਿਤਾ। ਇਹ ਪਿੰਡ ਡੱਬਵਾਲੀ-ਅਬੋਹਰ ਰੋਡ ਤੇ ਮਲੋਟੋ ਲੰਘ ਕੇ, ਸੜਕੋਂ ਉੱਤਰ ਦਿਸ਼ਾ ਵੱਲ 5 ਕਿਲੋਮੀਟਰ ਦੇ ਫਾਸਲੇ ਤੇ ਹੈ ਇਸ ਨਗਰ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਗੁਰੂ-ਸਿਖੀ ਦਾ ਆਧਾਰ ਮੌਜੂਦ ਸੀ। ਸ. ਸੱਦਾ ਸਿੰਘ ਸੁੰਦਰ ਸਿੰਘ ਪਿੰਡ ਦੇ ਤਕੜੀ ਮੱਲ ਗੁਜ਼ਾਰ ਵਾਲੇ ਜੱਟ ਸਨ ਅਤੇ ਇਹ ਮਾਨਤਾ ਦੇ ਪੱਖੋਂ ਨਾਮਧਾਰੀ ਸਦਵਾਂਦੇ ਸਨ। ਸ. ਸੱਦਾ ਸਿੰਘ ਤਾਂ ਪਿੰਡ ਦਾ ਨੰਬਰਦਾਰ ਅਤੇ ਚੌਧਰੀ ਕਿਸਮ ਦਾ ਆਦਮੀ ਸੀ ਪ੍ਰੰਤੂ ਸ. ਸੁੰਦਰ ਸਿੰਘ ਤਾਂ ਪੂਰਣ ਰੂਪ ਵਿਚ ਨਾਮਧਾਰੀ ਸੀ ਸੰਤ ਬਣ ਗਿਆ ਸੀ

ਉਂਨ ਦੀਆਂ ਭੂਰੀਆਂ ਪਹਿਨ ਕੇ, 4-4 ਕੋਹ ਤੋਂ ਸੁੱਚਾ ਜਲ ਲਿਆ ਕੇ ਕਠਿਨ ਮਰਿਆਦਾ ਦਾ ਨਿਰਵਾਹ ਕੀਤਾ ਜਾਂਦਾ ਸੀ ਅਤੇ ਮਾਲਵੇ ਦਾ ਕੁਝ ਅਜਿਹੇ ਸੋਧੀਆਂ ਦਾ ਜਥਾ 'ਭੂਰੀਆਂ ਵਾਲੇ' ਦੇ ਤੌਰ ਤੇ ਜਾਣਿਆ ਜਾਂਦਾ ਸੀ।

ਇਕ ਵਾਰ ਸਤਿਗੁਰੂ ਰਾਮ ਸਿੰਘ ਜੀ ਨੇ ਭਰੇ ਦੀਵਾਨ ਵਿਚ ਆਪਣੇ ਆਸਣ ਤੋਂ ਉਠਕੇ, ਇਹਨਾਂ ਭੂਰੀਆਂ ਵਾਲਿਆਂ ਵਿਚ ਜਾਕੇ ਬੈਠਣ ਦਾ, ਇਨ੍ਹਾਂ ਨੂੰ ਮਾਣ ਬਖਸ਼ਿਆ। ਪਿੰਡ ਗੱਦਾਂ-ਡੋਬ (ਗੁਰੂ-ਸਰ) ਵਿਖੇ ਅਨੇਕਾਂ ਵਾਰ ਗੁਰੂ ਰਾਮ ਸਿੰਘ ਜੀ ਅਤੇ 1872 ਈ: ਤੋਂ ਪਿਛੋਂ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਹੋਏ ਅਤੇ ਸ. ਸੁਦੰਰ ਸਿੰਘ ਦਾ ਘਰ ਹੀ ਅਜਿਹੇ ਮੇਲੇ ਕਰਵਾਣ ਵਾਲਿਆਂ ਵਿਚੋਂ ਸੀ

ਇਸ ਘਰ ਘਰਾਣੇ ਦਾ ਮਾਣ ਸਨ ਮਾਤਾ ਭੁਪਿੰਦਰ ਕੌਰ ਜੀ ਜੋ ਪੇਕਿਆਂ ਵਿਚ 'ਵੀਰੋ' ਨਾਮ ਕਰਕੇ ਹੀ ਜਾਣੇ ਜਾਂਦੇ ਸਨ। ਜਨਮ ਨਵੰਬਰ 1898 ਈ: (ਕਤਕ ੧੯੫੫ ਬਿ:), ਪਿਤਾ ਸ: ਸੁੰਦਰ ਸਿੰਘ, ਮਾਤਾ ਬੀਬੀ ਰਾਮ ਕੌਰ ਜੀ ਦੀ ਸੰਤਾਨ ਵਜੋਂ ਪੰਜਵੀਂ ਬੱਚੀ, ਤਿੰਨ ਵੀਰਾਂ ਦੀ ਦੂਜੀ ਭੈਣ ਮੁੱਢ ਤੋਂ ਹੀ ਅੰਤਰਮੁਖੀ ਪਰਵ੍ਰਿਤੀ ਦੀ ਸੀ ਅਤੇ ਜਿਉਂ ਜਿਉਂ ਆਯੂ ਦੇ ਸਾਲ ਵਧੇ ਤਿਉਂ ਤਿਉਂ ਸਾਤਵਿਕ ਗੁਣਾਂ ਦਾ ਵਿਸਥਾਰ ਹੁੰਦਾ ਚਲਾ ਗਿਆ। ਇਨ੍ਹਾਂ ਦੇ ਮੱਥੇ ਨੂੰ ਵੇਖ ਕਿਸੇ ਵਡੇਰੇ ਆਖਿਆ ਸੀ ਵੀਰੋ ਜਗਤ ਮਾਤਾ ਹੋਏਗੀ। ਇਸ ਨੂੰ ਕੋਈ ਮੰਦਾ ਬੋਲ ਕੇ ਫਿਟਕਾਰੇ ਨਾ ਆਪ ਨੇ 10 ਸਾਲ ਦੀ ਉਮਰੇ ਹੀ ਸ੍ਰੀ ਆਦਿ ਗ੍ਰੰਥ ਜੀ ਦਾ ਪਾਠ ਕਰ ਲਿਆ ਅਤੇ ਪੰਜ ਬਾਣੀਆਂ ਕੰਠੇ ਪੜ੍ਹਨ ਲਗ ਪਏ। ਸੇਵਾ, ਸਤਿਕਾਰ, ਸੁਹਜ, ਸੁਹਿਰਦਤਾ, ਨਿਮਰਤਾ, ਸਹਿਨਸ਼ੀਲਤਾ ਆਦਿ ਸਤੋਗੁਣਾਂ ਦੇ ਘੇਰੇ ਨੇ ਆਪ ਜੀ ਦੇ ਮੁਖੜੇ ਦਾ ਨੂਰ ਦੋਬਾਲਾ ਕਰ ਦਿੱਤਾ।

ਸੰਤ ਸੁੰਦਰ ਸਿੰਘ ਜੀ ਦੀ ਵਧਦੀ ਉਮਰ ਦੁਆਰਾ ਪੈਦਾ ਹੋਈ ਸਰੀਰਕ ਕਮਜ਼ੋਰੀ ਨਾਲ ਇਹ ਫ਼ਿਕਰ ਵੀ ਵਾਧੇ ਪੈ ਗਿਆ ਕਿ 'ਵੀਰਾਂ' ਲਈ ਯੋਗ ਵਰ ਕੌਣ ਹੋ ਸਕਦਾ ਹੈ ? ਅਤੇ ਮਾਤਾ-ਪਿਤਾ ਦਾ ਗੁਣਾ ਗੁਰੂ ਘਰ ਦੇ ਸਿਰਮੌਰ ਸ੍ਰੀ

ਭਰਪੂਰ ਜਵਾਨ ਸਨ ਅਤੇ 1906 ਈ. ਤੋਂ ਗੁਰਗੱਦੀ ਆਸੀਨ ਸਨ। ਮਾਤਾ ਪਿਤਾ ਨੇ ਪਹਿਲਾਂ ਆਪ ਵਿਚਾਰ ਕਰਕੇ ਫੇਰ ਆਪਣੇ ਸਪੁਤਰਾਂ ਸ: ਕ੍ਰਿਪਾਲ ਸਿੰਘ, ਸੰਤ ਮੀਂਹਾਂ ਸਿੰਘ, ਸ. ਨਾਹਰ ਸਿੰਘ ਅਤੇ ਵੱਡੀ ਤੇ ਵਿਵਾਹਤ ਲੜਕੀ ਬੀਬੀ ਹਰਨਾਮ ਕੌਰ ਨੂੰ ਵਿਸ਼ਵਾਸ ਵਿਚ ਲਿਆ। ਇਸ ਇੱਛਾ ਦੀ ਬੇਨਤੀ ਮਾਤਾ ਜੀਉਣ ਕੌਰ ਜੀ ਗੁਰੂ ਹਰੀ ਸਿੰਘ ਜੀ ਦੇ ਮਹਿਲਾਂ ਨੂੰ ਭੇਜੀ ਗਈ। ਸ੍ਰੀ ਮਾਤਾ ਜੀਉਣ ਕੌਰ ਜੀ-ਮਾਤਾ ਫਤਹ ਕੌਰ ਜੀ ਦੁਹਾਂ ਭੈਣਾਂ ਨੂੰ ਸੁਭਾਉਕੋਂ ਹੀ ਬੜੀ ਪ੍ਰਸੰਨਤਾ ਹੋਈ।

ਬਾਬਾ ਸੁੰਦਰ ਸਿੰਘ-ਰਾਮ ਕੌਰ ਜੀ ਦੀ ਇੱਛਾ ਦਾ ਪਤਾ ਜਦੋਂ ਸ. ਸੱਦਾ ਸਿੰਘ ਨੂੰ ਲੱਗਾ ਤਾਂ ਉਹ ਇਹਨਾਂ ਸੰਬੰਧਾਂ ਦੇ ਵਿਰੋਧ ਵਿਚ ਖਲੋ ਗਿਆ ਪਰ, ਏਧਰ ਗੁਰੂ ਘਰ ਹੋਣ ਕਰਕੇ ਉਹਦੀ ਪੇਸ਼ ਕੋਈ ਨ ਗਈ। ਇਹਨਾਂ ਹੀ ਦਿਨਾਂ ਵਿਚ ਬਾਬਾ ਸੁੰਦਰ ਸਿੰਘ ਪਰਲੋਕ ਗਮਨ ਕਰ ਗਏ।

ਸੁੰਦਰ ਸਿੰਘ ਜੀ ਦੇ ਘਰੋਂ ਤੇ ਇਹਨਾਂ ਦੇ ਸਪੁਤਰਾਂ ਅਨੰਦ ਕਾਰਜ ਦੀ ਜ਼ਿਮੇਵਾਰੀ ਆਪਣੇ ਸਿਰ ਲੈ ਲਈ ਅਨੰਦ ਕਾਰਜ ਵਾਲੇ ਦਿਨ ਤੋਂ ਇਕ ਦਿਨ ਪਹਿਲਾਂ (21 ਦਸੰਬਰ 1914) ਲੁਧਿਆਣੇ ਤੋਂ ਅਬੋਹਰ ਲਾਈਨ ਤੇ ਪੱਕੀ ਦੇ ਸਟੇਸ਼ਨ ਤਕ ਇਕ ਰੇਲ ਗੱਡੀ 'ਅਨੰਦ ਸਪੈਸ਼ਲ' ਤੌਰ ਤੇ ਚੱਲੀ, ਜਿਸ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੂਲਾ ਰੂਪ ਵਿਚ, ਸਮੁਚਾ ਗੁਰੂ ਪਰਵਾਰ, ਵਡੇ-ਵਡੇ ਨਾਮਧਾਰੀ ਸੰਤ ਮਹਾਤਮਾ, ਹੋਰ ਧਰਮਾਂ ਸੰਸਥਾਵਾਂ ਦੇ ਮੁਖੀ, ਪਰਚਾਰਕ, ਰਾਗੀ, ਰਬਾਬੀ ਤੇ ਧਨੀਮਾਨੀ ਸਵਾਰ ਸਨ। ਪੱਕੀ ਸਟੇਸ਼ਨ ਤੋਂ ਅਗਲਾ 6-7 ਕਿਲੋਮੀਟਰ ਦਾ ਸਫਰ ਸਚਮੁਚ ਹੀ ਆਨੰਦ ਮੇਲੇ ਦਾ ਜਲੂਸ ਸੀ, ਜਿਸ ਤੇ ਵਿਚ ਇਲਾਕੇ ਦੇ ਆਮ ਲੋਕ ਘੋੜੀਆਂ, ਗਡ-ਬਹਿਲਾਂ, ਰਥ ਆਦਿ ਲੈ ਕੇ ਹਾਜ਼ਰ ਹੋਏ।

ਹਰ ਪਰਕਾਰ ਦੀ ਚੌਕਸੀ ਦੇ ਦਰਮਿਆਨ ਬੀਬੀ ਵੀਰਾਂ ਦਾ ਸੋਲ੍ਹਵੇਂ ਸਾਲ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ, ਨਾਮਧਾਰੀ ਅਨੰਦ-ਮਰਿਆਦਾ ਅਨੁਸਾਰ ਵਿਆਹ ਹੋ ਗਿਆ। ਸੇਵਾ-ਸਤਿਕਾਰ ਅਤੇ ਖੁਸ਼ੀਆਂ ਦਾ ਇਹ ਸਮਾਗਮ ਭੈਣੀ ਸਾਹਿਬ ਵਿਖੇ ਆਣ ਕੇ ਹੋਰ ਵੀ ਉਤਸਾਹ ਤੇ ਹੁਲਾਰੇ ਵਿਚ ਬਦਲ ਗਿਆ।

ਹੁਣ ਬੀਬੀ ਵੀਰਾਂ ਭੁਪਿੰਦਰ ਕੌਰ ਜੀ ਦੇ ਨਾਂ ਨਾਲ ਜਾਣੇ ਜਾਣ ਲਗੇ। ਦੋਹਾਂ ਮਾਤਾਵਾਂ (ਸੱਸਾਂ) ਅਤੇ ਵੱਡੀ ਦਰਾਣੀ (ਮਹਾਰਾਜ ਨਿਹਾਲ ਸਿੰਘ ਜੀ ਦੇ ਘਰੋਂ ਬੀਬੀ ਸਤਿਵੰਤ ਕੌਰ ਜੀ) ਦੇ ਚਾਵਾਂ ਦਾ ਵੀ ਅੰਤ ਨਹੀਂ ਸੀ ਤੇ ਨਗਰ ਦੀਆਂ ਹੋਰ ਨੂੰਹਾਂ, ਧੀਆਂ ਅਤੇ ਵਡੀਆਂ ਵਡੇਰੀਆਂ ਨੂੰ ਵੀ ਇਹ ਸਮਾਂ ਸਹਿਕਦਿਆਂ ਪ੍ਰਾਪਤ ਹੋਇਆ ਸੀ।

ਮਾਤਾ ਭੁਪਿੰਦਰ ਕੌਰ ਜੀ ਨੇ ਅਪਣੀ ਆਮਦ ਨਾਲ ਗੁਰੂ ਘਰ ਵਿਚ ਗੁਰੂ ਰਾਮ ਸਿੰਘ ਜੀ ਦੀ ਇਕ ਹੋਰ ਮਨਸ਼ਾ ਨੂੰ ਰੂਪ-ਮਾਨ ਕੀਤਾ: ਰਾਮਗੜ੍ਹੀਆਂ ਨਾਲ ਜ਼ਮੀਦਾਰ ਬਰਾਦਰੀ ਦੇ ਸੰਬੰਧ, ਜਿਸਦੀ ਦਾਗਬੇਲ ਪਹਿਲਾਂ ਹੀ ਮਾਤਾ ਜੀਉਣ ਕੌਰ-ਮਾਤਾ ਫਤਹ ਕੌਰ ਜੀ ਦੇ ਗੁਰੂ ਹਰੀ ਸਿੰਘ ਘਰ ਆਉਣ ਨਾਲ ਰਖੀ ਜਾ ਚੁਕੀ ਸੀ।

ਮਾਤਾ ਭੁਪਿੰਦਰ ਕੌਰ ਜੀ ਪਹਿਲੀ ਵਾਰ ਆਪਣੇ ਸਹੁਰੇ ਘਰ ਆਏ ਲਗਾਤਾਰ ਚਾਰ ਮਹੀਨੇ ਬਿਤਾਅ ਗਏ ਅਤੇ ਲੰਗਰ ਦੇ ਬਰਤਨ ਮਾਂਜ, ਬੁਹਾਰੀ ਕਰ ਸਾਧ ਸੰਗਤ ਦੀ ਸੇਵਾ ਕਰਦਿਆਂ ਬਹਾਰ ਦਾ ਮੌਸਮ ਬਣਾਈ ਰਖਿਆ।

ਗੁਰੂ ਪਤੀ, ਜਿਸਦੇ ਮੁਖੜੇ ਨੂੰ ਨਿਹਾਰਨਾ ਹਰ ਗੁਰ-ਸਿਖ ਦਾ ਅਧਿਕਾਰ ਸੀ ਮਾਤਾ ਭੁਪਿੰਦਰ ਕੌਰ ਜੀ ਦੀ ਵੀ ਅਮੋੜ ਲੋੜ ਸੀ, ਪਰ ਉਹ ਹਠੀ, ਜਪੀ, ਤਪੀ ਅਨੇਕ ਤਰਾਂ ਦੇ ਅਨੁਸ਼ਠਾਨ ਕਰਦਾ ਸਵੈ ਜ਼ਾਬਤੇ ਨੂੰ ਸੰਜਮ ਦੀਆਂ ਰੇਖਾਵਾਂ ਅਧੀਨ ਰਖਦਾ ਸੀ।

ਮਾਤਾ ਭੁਪਿੰਦਰ ਕੌਰ ਜੀ ਦਾ ਨਿਵਾਸ ਨਹਿਰ ਸਰਹਿੰਦ ਤੇ, ਨੀਲੋਂ ਦੇ ਪੁਲੋਂ 5 ਕਿਲੋਮੀਟਰ ਉੱਤਰ ਦਿਸ਼ਾ ਵਲ ਗੁਰੂ ਕੇ ਡੇਰੇ ਵਿਖੇ ਇਕ ਚੁਬਾਰੇ ਦਾ ਹੋਰ ਵਾਧਾ ਹੋ ਕੇ ਲਗ ਗਿਆ।

ਸਿਖਾਂ ਦੇ ਮਨਾਂ ਵਿਚ ਬੜੀ ਰੀਝ ਸੀ ਕਿ ਸਤਿਗੁਰੂ ਜੀ ਸਮੇਤ ਸ੍ਰੀ ਮਹਿਲਾਂ ਦੇ ਉਨ੍ਹਾਂ ਦੇ ਨਗਰੀਂ-ਘਰੀਂ ਦਰਸ਼ਨ ਦੇਣ। 1916 ਈ: ਵਿਚ ਅੰਬਾਂ ਦੀ ਰੁੱਤੇ, ਚੁੰਨੀ (ਅੰਬਾਲਾ) ਵਾਲੇ ਨਾਮਧਾਰੀਆਂ ਦੀ ਰੀਝ ਪੂਰੀ ਕਰਨ ਹਿਤ ਸ੍ਰੀ ਸਤਿਗੁਰੂ ਜੀ ਆਪਣੇ ਮਹਿਲਾਂ ਅਤੇ 15-16 ਸਿੰਘਾਂ ਦੇ ਜਥੇ ਨਾਲ ਚੁੰਨ੍ਹੀ ਪਧਾਰੇ ਅਤੇ ਕਈ ਦਿਨ ਰਹੇ।

ਸ੍ਰੀ ਮਾਤਾ ਭੁਪਿੰਦਰ ਕੌਰ ਜੀ ਦਾ ਦਰਮਿਆਨਾ ਕੱਦ, ਖੁੱਲ੍ਹਾ ਚੌੜਾ ਮੱਥਾ, ਸੁੰਦਰ ਦੀਦਾਰ, ਪਹਿਰਾਵੇ ਵੱਲੋਂ ਸ਼ੁਧ ਸਫ਼ੈਦ ਬਾਰੀਕ ਖੱਦਰ ਦਾ ਕਲੀਦਾਰ ਕੁਰਤਾ ਤੇ ਚੂੜੀਦਾਰ ਸੁੱਥਣ, ਸੀਸ ਤੇ ਮੱਥੇ ਤਕ ਢਕਦਾ ਖੱਦਰ ਦਾ ਹੀ ਦੁਪੱਟਾ। ਮਾਤਾ ਜੀ ਕਿਸ਼ੋਰਾਵਸਥਾ ਦੀਆਂ ਇਛਾਵਾਂ ਨੂੰ ਸਾਧ ਸਾਧ ਤਪੱਸਵੀ ਜੀਵਨ ਵਲ ਵਧ ਰਹੇ ਸਨ। ਭੈਣੀ ਸਾਹਿਬ ਹਥੀਂ ਸੇਵਾ ਦੇ ਨਾਲ ਨਾਲ ਤ੍ਰਿੰਜਣਾਂ ਦਾ ਪ੍ਰਬੰਧ ਵੀ ਹੋ ਜਾਂਦਾ।

1918 ਈ: ਜੂਨ-ਜੁਲਾਈ ਦੇ ਦਿਨੀਂ ਮਾਤਾ ਜੀ ਦੀ ਨਣਾਨ ਬੀਬੀ ਨੰਦਾਂ (ਸਪੁਤਰੀ ਸਤਿਗੁਰੂ ਰਾਮ ਸਿੰਘ ਜੀ) ਚੜ੍ਹਾਈ ਕਰ ਗਏ। ਉਨਾਂ ਨਮਿਤ ਮੇਲੇ ਤੇ 41 ਪਾਠਾਂ ਦੇ ਭੋਗ ਦਾ ਆਯੋਜਨ ਮਾਤਾ ਭੁਪਿੰਦਰ ਕੌਰ ਜੀ ਨੇ ਆਪ ਨਿਹਾਰਿਆ।

ਸ਼ੇਖੂਪੁਰ ਜ਼ਿਲੇ ਦੇ ਪਿੰਡ ਚੂਹੇਝਾੜ ਦਾ ਹੋਲਾ (1918 ਈ.) ਸਮੁਚੇ ਨਾਮਧਾਰੀ ਸਮਾਜ ਲਈ ਇਸ ਵਾਸਤੇ ਵੀ

ਉਤਸਾਹ ਵਰਧਕ ਤੇ ਇਤਿਹਾਸਕ ਸੀ ਕਿ ਇਸ ਮੇਲੇ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਮਹਿਲਾਂ ਸਮੇਤ, ਪਹਿਲੀ ਵਾਰ, ਦਰਸ਼ਨ ਦਿਤੇ।

1919 ਈ: ਦੀ (ਨਿਮਾਣੀ) ਮਈ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਭਜਨ-ਪਾਠ ਦਾ ਵਤ ਲੈ ਲਿਆ। ਨਹਿਰ ਸਰਹਿੰਦ ਦੇ ਕਿਨਾਰੇ ਹੀ ਤਪ ਕੇਂਦਰ ਬਣਨਾ ਸੀ। ਮਾਤਾ ਭੁਪਿੰਦਰ ਕੌਰ ਜੀ ਨੇ ਆਪਣੇ ਗੁਰੂ ਭਤਾਰ ਜੀ ਨੂੰ ਬਿਨੈ ਕੀਤੀ: ਜੇ ਆਗਿਆ ਬਖਸ਼ੋ ਤਾਂ ਮੈਂ ਵੀ ਸਖੀਆਂ ਨਾਲ ਜਪ ਤਪ ਵਿਚ ਸ਼ਾਮਲ ਹੋ ਜਾਵਾਂ ਬੇਨਤੀ ਪਰਵਾਨ ਹੋਈ। ਮਾਤਾ ਜੀ ਨੇ 40 ਦਿਨਾਂ ਇਹ ਨੇਮ ਦੋ ਵੇਲੇ ਦੇ ਦੀਵਾਨ, ਨਿਜੀ ਨਿਤਨੇਮ, ਜਪ ਪ੍ਰਯੋਗ ਅਤੇ ਸਾਧ ਸੰਗਤ ਦੇ ਬਰਤਨ ਮਾਂਜ ਕੇ ਨਿਬਾਹਿਆ।

ਅਗਲੇ ਸਾਲ ਹੀ, ਅਰਥਾਤ 1920 ਦੇ ਨਵੰਬਰ ਮਹੀਨੇ ਸ੍ਰੀ ਮਾਤਾ ਭੂਪਿੰਦਰ ਕੌਰ ਜੀ ਨੂੰ ਗ੍ਰਿਸਤੀ ਜੀਵਨ ਦਾ ਮਹਾ ਸੁਖ ਪ੍ਰਾਪਤ ਹੋਇਆ ਜਦੋਂ ਆਪ ਜੀ ਦੁਆਰਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਲ ਰੂਪ ਵਿਚ ਸੰਸਾਰ ਵਿਚ ਆਏ। ਗੁਰੂ ਘਰ ਵਿਚ "ਵਧੀ ਵੇਲ ਬਹੁ ਪੀੜੀ ਚਾਲੀ" ਵਾਲੀ ਗੱਲ ਹੋ ਗਈ। ਸਾਰੇ ਨਾਮਧਾਰੀ ਸਮਾਜ ਵਿਚ ਖੁਸ਼ੀਆਂ ਦੀ ਇਕ ਲਹਿਰ ਵਿਆਪ ਗਈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਦੁਆਰਾ ਮਹਾਰਾਜਾ ਨਾਭਾ ਰਿਪੁਦਮਨ ਸਿੰਘ ਦੇ ਘਰ ਟਿੱਕਾ ਪ੍ਰਤਾਪ ਸਿੰਘ ਦੇ ਹੋਣ ਤੇ ਗੁਰਦੁਆਰਾ ਭੈਣੀ ਸਾਹਿਬ ਦੇ ਲੰਗਰ ਦੇ ਨਾਂ 1281 ਏਕੜ ਜ਼ਮੀਨ, ਸਰਬ ਸ਼੍ਰੋਮਣੀ ਕਾਰ ਰੋਲਜ਼ ਰਾਇਸ ਅਤੇ ਨਕਦ ਹਜ਼ਾਰਾਂ ਰੁਪੈਆਂ ਦੀ ਭੇਟਾ ਹੋਈ। ਵਰਤਮਾਨ ਸਤਿਗੁਰੂ ਜੀ ਦੇ ਬਾਲ ਕਾਲ ਦੇ ਨਾਮ 'ਬੇਅੰਤ ਜੀ' ਦੇ ਆਗਮਨ ਦਾ ਹੀ ਇਹ ਪੁੰਨ ਪ੍ਰਤਾਪ ਸੀ।

ਅਗਲਾ ਚਾਲੀਹਾ ਬੀੜ ਮਰਾਰੜੂ ਵਿਚ ਹੀ ਹੋਇਆ ਜਿਸ ਵਿਚ ਸ੍ਰੀ ਮਾਤਾ ਭੁਪਿੰਦਰ ਕੌਰ ਜੀ ਨੇ ਆਪਣੇ ਬਾਲ ਗੋਪਾਲ ਨੂੰ ਸੰਭਾਲਦਿਆਂ ਪੂਰਾ ਭਾਗ ਲਿਆ।

ਸਾਲ 1921 ਈ: ਦਾ ਨਵੰਬਰ ਮਹੀਨਾ ਚੜ੍ਹਿਆ ਤਾਂ ਸ੍ਰੀ ਮਾਤਾ ਜੀ ਨੂੰ ਲਾਹੌਰ ਵਿਖੇ ਆਪਣੇ ਛੋਟੇ ਦਿਉਰ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਅਨੰਦ ਕਾਰਜ ਸਮੇਂ ਭਾਗ ਲੈਣ ਦਾ ਅਵਸਰ ਮਿਲਿਆ। ਲਾਹੌਰ ਸ਼ਹਿਰ ਦੇ ਧਨੀਮਾਨੀ ਬਾਬਾ ਧਿਆਨ ਸਿੰਘ ਪੱਥਰਾਂ ਵਾਲਿਆਂ ਦੀ ਛੋਟੀ ਸਪੁੱਤਰੀ ਬੀਬੀ ਕਰਤਾਰ ਕੌਰ ਗੁਰੂ ਘਰ ਵਿਚ ਨੂੰਹ ਬਣਕੇ ਆਏ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਖੁਸ਼ੀਆਂ ਦੀ ਉਸ ਸਮੇਂ ਹੱਦ ਨਾ ਰਹੀ ਜਦੋਂ ਉਹਨਾਂ ਦੇ ਸ੍ਰੀ ਮਹਿਲਾਂ ਨੇ ਸੰਤ ਮੋਹਣ ਸਿੰਘ ਵਡਾਲਾ ਜੋਹਲ ਦੇ ਜਥੇ ਦੀਆਂ ਲੰਗਰ ਲੋੜਾਂ ਨੂੰ ਮੁੱਖ ਰੱਖ, ਸਤਿਗੁਰੂ ਜੀ ਦੀ ਗ਼ੈਰ ਮੌਜੂਦਗੀ ਸਮੇਂ, ਆਪਣੀ ਦਿਲੋਂ ਜਾਨੋਂ ਪਿਆਰੀ ਮੁੰਦਰੀ ਵੇਚਣ ਨੂੰ ਦੇ ਦਿਤੀ। ਸਿੰਘਾਂ ਨੂੰ ਰਸਤ-ਬਸਤ ਵੱਲੋਂ ਪਰੇਸ਼ਾਨ ਨਹੀਂ ਹੋਣ ਦਿੱਤਾ।

ਫੇਰ 1923 ਈ. ਦੇ ਨਵੰਬਰ ਮਹੀਨੇ (2 ਕੱਤਕ ੧੯੮੦ ਬਿ:) ਸ੍ਰੀ ਮਾਤਾ ਭੁਪਿੰਦਰ ਕੌਰ ਜੀ ਨੇ ਗੁਰੂ ਘਰ ਨੂੰ ਦੂਜਾ ਬਾਲ ਅਰਪਣ ਕੀਤਾ। ਮਹਾਰਾਜ ਬੀਰ ਸਿੰਘ ਜੀ ਜਨਮੇ। ਭੈਣੀ ਸਾਹਿਬ ਲਈ ਇਸ ਤੋਂ ਵੱਧ ਹੋਰ ਖੁਸ਼ੀ ਕੀ ਹੋਣੀ ਸੀ।

ਪਰ ਦੂਜੇ ਪੁੱਤਰ ਦੇ ਜਨਮ ਉਪ੍ਰੰਤ ਮਾਤਾ ਭੁਪਿੰਦਰ ਕੌਰ ਜੀ ਦੀ ਜਿਵੇਂ ਸਾਰੀ ਸਰੀਰਕ ਸੱਤਿਆ ਨੁੱਚੜ ਗਈ ਅਤੇ ਇਸਤੋਂ ਪਿਛੋਂ ਵੈਦ ਰਾਜਾਂ ਦੇ ਦਵਾਦਾਰੂ ਵੀ ਕਾਟ ਨਹੀਂ ਕਰ ਸਕੇ।

ਮਾਤਾ ਜੀ ਦੀ ਮਾਂ, ਅੰਬੋ (ਮਾਤਾ ਰਾਮ ਕੌਰ) ਜੀ ਨੂੰ ਬੁਲਾ ਲਿਆ ਗਿਆ ਅਤੇ ਗੁਰੂ ਹਰੀ ਸਿੰਘ ਜੀ ਦੇ ਅੰਤਮ ਸਾਲਾਂ ਵਿਚ ਤਿਆਰ ਹੋਈ ਕੋਠੀ ਵਿਚ ਮਾਵਾਂ ਧੀਆਂ ਨੂੰ ਡੇਰਾ ਦੇ ਕੇ ਮੁਨਾਸਬ ਸੇਵਕ ਸੇਵਕਾਵਾਂ ਦਾ ਪ੍ਰਬੰਧ ਕਰ ਦਿਤਾ ਗਿਆ। ਦਵਾਈਆਂ ਅਤੇ ਪਰਹੇਜ਼ ਚਲਦੇ ਰਹੇ ਪਰ ਮਾਤਾ ਜੀ ਦੀ ਜ਼ਿੰਦਗੀ ਪੈਰੋਂ ਪੈਰ ਹਿੱਸਦੀ ਗਈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਾਤਾ ਭੁਪਿੰਦਰ ਕੌਰ ਜੀ ਦੇ ਅੰਤਮ ਛਿਣਾਂ ਵਿਚ ਗੜ੍ਹਦੀਵਾਲੇ (ਹੁਸ਼ਿਆਰਪੁਰ) ਸਨ। ਸਤਿਗੁਰੂ ਜੀ ਨੂੰ ਕਿਸੇ ਤਰ੍ਹਾਂ ਆਪਣੇ ਮਹਿਲਾਂ ਦਾ ਅੰਤ ਸਮਾਂ ਨੇੜੇ ਆਇਆ ਭਾਨ ਹੋ ਗਿਆ। ਆਪ ਜੀ ਹੋਰਨਾਂ ਨੂੰ ਖ਼ਬਰ ਹੋਣ ਤੋਂ ਬਿਨਾਂ ਹੀ 14 ਸਤੰਬਰ 1924 (੨੯ ਭਾਦਰੋਂ ੧੯੮੧ ਬਿ:) ਨੂੰ ਬਾਗ਼ ਵਾਲੀ ਕੋਠੀ ਵਿਚ ਆ ਗਏ। ਮਾਤਾ ਰਾਮ ਕੌਰ ਵੀ ਪਛਾਣ ਨਾ ਸਕੀ ਪਰ ਮਾਤਾ ਭੁਪਿੰਦਰ ਕੌਰ ਜੀ ਦਾ ਰੋਮ ਰੋਮ ਉਡੀਕ ਰਿਹਾ ਸੀ। ਗੁਰੂ ਭਰਤਾਰ ਨੂੰ, ਉਹਨਾਂ ਆਹਟ ਸੁਣ, ਅੱਖਾਂ ਪੁੱਟ ਕੇ ਵੇਖਿਆ। ਸ੍ਰੀ ਸਤਿਗੁਰੂ ਜੀ ਦੀ ਮੂਰਤੀ ਸਾਹਵੇਂ ਤੱਕੀ ਤਾਂ ਸੰਤੁਸ਼ਟਤਾ ਵਿਚ ਨੇਤਰ-ਸਜਲ ਹੋ ਗਏ। ਪ੍ਰਾਣ ਪਿਆਰੇ ਨੇ ਜ਼ਿੰਦਗੀ ਦੇ ਅੰਤਮ ਛਿਣਾਂ ਵਿਚ ਦਰਸ਼ਨ ਆਣ ਹੀ ਦਿਤੇ।

ਦੂਰ ਤੋਂ ਦੂਰ ਹੁੰਦੀ ਜਾਂਦੀ ਨਜ਼ਰ ਨੇ ਏਨੀ ਨੇੜੇ ਪ੍ਰਾਣ ਪਤੀ ਨੂੰ ਵੇਖ, ਇਕੋ ਵਾਰ ਭਰ ਕੇ ਤਕ ਲਿਆ ਅਤੇ ਫਿਰ ਸਦਾ ਲਈ ਅੱਖੀਂਆਂ ਬੰਦ ਹੋ ਗਈਆਂ। ਮਾਤਾ ਭੁਪਿੰਦਰ ਕੌਰ ਜੀ ਦਾ ਸਰੀਰ ਸ਼ਾਂਤ ਹੋ ਗਿਆ। ਅੰਤਮ ਸੱਧਰ ਪੂਰੀ ਹੋ ਗਈ।

ਕਿੰਨਾ ਅਲਪ ਕਾਲਿਕ ਸਮਾਂ, ਜ਼ਿੰਦਗੀ, ਵਿਵਾਹਤ ਜ਼ਿੰਦਗੀ ਦੇ ਕੇਵਲ ਦਸ ਸਾਲ! ਅੱਜ ਕਿਤੇ ਮਾਤਾ ਭੁਪਿੰਦਰ ਕੌਰ ਜੀ ਹੁੰਦੇ!

..............................................................

# ਸ਼ੇਖ ਹਸੀਨਾ ਦਾ ਪਤਨ ਅਤੇ ਬੰਗਲਾਦੇਸ਼ ਦਾ ਭਵਿੱਖ



**ਆਨੰਦ ਕੁਮਾਰ**

ਜਨਵਰੀ 2009 ਵਿੱਚ ਜਦੋਂ ਸ਼ੇਖ਼ ਹਸੀਨਾ ਨੇ ਬੰਗਲਾਦੇਸ਼ ਦੀ ਸੱਤਾ ਦੀ ਵਾਗਡੋਰ ਸੰਭਾਲੀ ਸੀ ਤਾਂ ਦੱਖਣੀ ਏਸ਼ੀਆ ਵਿੱਚ ਖੇਤਰੀ ਸਥਿਰਤਾ ਵਿੱਚ ਸੁਧਾਰ ਦੇਖਣ ਨੂੰ ਮਿਲਿਆ ਸੀ। ਭਾਰਤ ਦੇ ਉੱਤਰ ਪੂਰਬੀ ਖਿੱਤੇ ਅੰਦਰ ਬਾਗ਼ੀ ਤੇ ਅਤਿਵਾਦੀ ਖ਼ਤਰਿਆਂ ਨਾਲ ਨਜਿੱਠਣ ਲਈ ਉਸ ਨੇ ਨਵੀਂ ਦਿੱਲੀ ਸਹਿਯੋਗ ਦਿੱਤਾ ਅਤੇ ਬੰਗਲਾਦੇਸ਼ ਵਿੱਚ ਕੱਟੜਪੰਥੀਆਂ ਖ਼ਿਲਾਫ਼ ਫ਼ੈਸਲਾਕੁਨ ਕਾਰਵਾਈ ਸਦਕਾ ਖ਼ਿੱਤੇ ਅੰਦਰ ਸੁਰੱਖਿਆ ਦੀ ਹਾਲਤੀ ਵਿੱਚ ਭਰਵਾਂ ਸੁਧਾਰ ਆਇਆ। ਹਸੀਨਾ ਦੇ 15 ਸਾਲਾ ਕਾਰਜਕਾਲ ਵਿੱਚ ਆਮ ਤੌਰ ’ਤੇ ਸ਼ਾਂਤੀ ਅਤੇ ਸਥਿਰਤਾ ਰਹੀ ਜਿਸ ਸਦਕਾ ਬੰਗਲਾਦੇਸ਼ ਅੰਦਰ ਆਰਥਿਕ ਵਿਕਾਸ ਵਿੱਚ ਇਜ਼ਾਫ਼ਾ ਹੋਇਆ ਅਤੇ ਖੇਤਰੀ ਸਹਿਯੋਗ ਨੂੰ ਹੁਲਾਰਾ ਮਿਲਿਆ ਸੀ।

ਸ਼ੇਖ ਹਸੀਨਾ ਦੇ ਕਾਰਜਕਾਲ ਦੌਰਾਨ ਭਾਰਤ ਅਤੇ ਬੰਗਲਾਦੇਸ਼ ਵਿਚਕਾਰ ਲੰਮੇ ਅਰਸੇ ਤੋਂ ਲਟਕ ਰਹੇ ਮੁੱਦੇ ਸੁਚਾਰੂ ਢੰਗ ਨਾਲ ਸੁਲਝਾ ਲਏ ਗਏ ਜਿਸ ਕਰ ਕੇ ਖੇਤਰੀ ਸਹਿਯੋਗ ਵਿੱਚ ਵਾਧਾ ਹੋਇਆ; ਭਾਵੇਂ ਇਸ ਦੌਰਾਨ ਖ਼ਾਸਕਰ ਸਾਰਕ (ਦੱਖਣ ਏਸ਼ਿਆਈ ਖੇਤਰੀ ਸਹਿਯੋਗ ਸੰਘ) ਆਮ ਤੌਰ 'ਤੇ ਨਕਾਰਾ ਹੀ ਬਣਿਆ ਰਿਹਾ। ਉਂਝ, 4 ਅਗਸਤ ਨੂੰ ਅਮਨ ਕਾਨੂੰਨ ਦੀ ਹਾਲਤ ਬੇਕਾਬੂ ਹੋ ਜਾਣ ਕਰ ਕੇ ਸ਼ੇਖ਼ ਹਸੀਨਾ ਨੂੰ ਅਹੁਦਾ ਛੱਡਣਾ ਪਿਆ ਜਿਸ ਨਾਲ ਇਨ੍ਹਾਂ ਪ੍ਰਾਪਤੀਆਂ ਨੂੰ ਸੱਟ ਵੱਜ ਸਕਦੀ ਹੈ ਅਤੇ ਕੌਮੀ ਤੇ ਖੇਤਰੀ ਪ੍ਰਸੰਗ ਵਿੱਚ ਹੋਈ ਪ੍ਰਗਤੀ ਦਾ ਨੁਕਸਾਨ ਹੋ ਸਕਦਾ ਹੈ।

ਸੁਰੱਖਿਆ ਹਾਲਤ ਵਿੱਚ ਨਿਘਾਰ ਉਦੋਂ ਸ਼ੁਰੂ ਹੋਇਆ ਜਦੋਂ ਵਿਦਿਆਰਥੀ ਪ੍ਰਦਰਸ਼ਨ ਹੋਣ ਲੱਗ ਪਏ; ਸਿੱਟੇ ਵਜੋਂ 100 ਦੇ ਕਰੀਬ ਮੌਤਾਂ ਹੋ ਗਈਆਂ ਅਤੇ ਸੈਂਕੜੇ ਹੋਰ ਜ਼ਖ਼ਮੀ ਹੋ ਗਏ। ਹਸੀਨਾ ਦੇ ਅਸਤੀਫ਼ੇ ਦੀ ਮੰਗ ਕਰ ਰਹੇ ਪ੍ਰਦਰਸ਼ਨਕਾਰੀਆਂ 'ਤੇ ਪੁਲੀਸ ਨੇ ਅੱਥਰੂ ਗੈਸ ਦੇ ਗੋਲੇ ਅਤੇ ਰਬੜ ਦੀਆਂ ਗੋਲੀਆਂ ਚਲਾਈਆਂ। ਸਰਕਾਰ ਨੇ ਰੋਸ ਮੁਜ਼ਾਹਰੇ ਦਬਾਉਣ ਲਈ ਦੇਸ਼ ਭਰ ਵਿਚ ਕਰਫਿਊ ਲਗਾ ਦਿੱਤਾ ਅਤੇ ਇੰਟਰਨੈੱਟ 'ਤੇ ਪਾਬੰਦੀ ਲਾਗੂ ਕਰ ਦਿੱਤੀ। ਇਹ ਰੋਸ ਪ੍ਰਦਰਸ਼ਨ ਜੂਨ ਮਹੀਨੇ ਸ਼ੁਰੂ ਹੋਏ ਸਨ ਜਿਸ ਤਹਿਤ ਢਾਕਾ ਯੂਨੀਵਰਸਿਟੀ ਦੇ ਵਿਦਿਆਰਥੀ 1971 ਦੀ ਮੁਕਤੀ ਜੰਗ ਵਿੱਚ ਭਾਗ ਲੈਣ ਵਾਲੇ ਲੋਕਾਂ ਦੇ ਵਾਰਸਾਂ ਨੂੰ ਸਰਕਾਰੀ ਨੌਕਰੀਆਂ ਵਿੱਚ 30 ਫ਼ੀਸਦੀ ਰਾਖਵਾਂਕਰਨ ਦੇਣ ਦੇ ਵਿਵਾਦ ਵਾਲੇ ਫ਼ੈਸਲੇ ਖ਼ਿਲਾਫ਼ ਰੋਸ ਮੁਜ਼ਾਹਰੇ ਕਰ ਰਹੇ ਸਨ। ਮੁਜ਼ਾਹਰਾਕਾਰੀਆਂ ਦਾ ਤਰਕ ਸੀ ਕਿ ਇਹ ਰਾਖਵਾਂਕਰਨ ਪ੍ਰਣਾਲੀ ਵਿਤਕਰੇ ਭਰੀ ਹੈ ਅਤੇ ਹਸੀਨਾ ਦੀ ਅਵਾਮੀ ਲੀਗ ਪਾਰਟੀ ਦੇ ਹਿੱਤਾਂ ਦੀ ਪੂਰਤੀ ਕਰਦੀ ਹੈ; ਉਨ੍ਹਾਂ ਮੰਗ ਕੀਤੀ ਕਿ ਇਸ ਦੀ ਬਜਾਇ ਮੈਰਿਟ ਆਧਾਰਿਤ ਪ੍ਰਣਾਲੀ ਅਪਣਾਈ ਜਾਵੇ। ਇਹ ਕੋਟਾ ਪ੍ਰਣਾਲੀ 1972 ਵਿੱਚ ਸ਼ੁਰੂ ਕੀਤੀ ਗਈ ਸੀ ਜੋ 2018 ਵਿੱਚ ਬੰਦ ਕਰ ਦਿੱਤੀ ਗਈ ਸੀ ਪਰ ਫਿਰ ਇਸ ਨੂੰ ਬਹਾਲ ਕਰ ਦਿੱਤਾ ਗਿਆ। ਜੁਲਾਈ ਮਹੀਨੇ ਜਦੋਂ ਸੁਰੱਖਿਆ ਦਸਤਿਆਂ ਨੇ 200 ਤੋਂ ਵੱਧ ਵਿਦਿਆਰਥੀਆਂ ਦੀ ਹੱਤਿਆ ਕਰ ਦਿੱਤੀ ਸੀ ਤਾਂ ਇਸ ਪ੍ਰਣਾਲੀ ਨੂੰ ਇੱਕ ਵਾਰ ਫਿਰ ਬੰਦ ਕਰ ਦਿੱਤਾ। ਸੁਪਰੀਮ ਕੋਰਟ ਵਲੋਂ ਕੋਟਾ ਪ੍ਰਣਾਲੀ ਰੱਦ ਕਰ ਦੇਣ ਤੋਂ ਬਾਅਦ ਕੁਝ ਦੇਰ ਲਈ ਵਿਦਿਆਰਥੀ ਮੁਜ਼ਾਹਰੇ ਰੁਕ ਗਏ ਸਨ ਪਰ ਇਸ ਸੰਘਰਸ਼ ਦੌਰਾਨ ਮਾਰੇ ਗਏ ਲੋਕਾਂ ਲਈ ਇਨਸਾਫ਼ ਹਾਸਲ ਕਰਨ ਲਈ ਇਹ ਦੁਬਾਰਾ ਸ਼ੁਰੂ ਹੋ ਗਏ। ਇਹ ਅੰਦੋਲਨ ਕੋਟੇ ਦੇ ਮੁੱਦੇ ਤੋਂ ਸ਼ੁਰੂ ਹੋ ਕੇ ਹੌਲੀ-ਹੌਲੀ ਸਰਕਾਰ ਵਿਰੋਧੀ ਮੁਹਿੰਮ ਦਾ ਰੂਪ ਧਾਰਨ ਕਰ ਗਿਆ ਜਿਸ ਵਿਚ ਸਮਾਜ ਦੇ ਵੱਖ-ਵੱਖ ਤਬਕਿਆਂ ਦੇ ਲੋਕ ਹਿੱਸਾ ਲੈ ਰਹੇ ਸਨ ਜਿਨ੍ਹਾਂ ਵਿਚ ਨਾਮਵਰ ਹਸਤੀਆਂ ਅਤੇ ਵਸਤਰ ਨਿਰਮਾਣਕਾਰ ਵੀ ਸ਼ਾਮਿਲ ਸਨ। ਫ਼ੌਜ ਦੇ ਸਾਬਕਾ ਮੁਖੀ ਜਨਰਲ ਇਕਬਾਲ ਕਰੀਮ ਭਈਆਂ ਜਿਨ੍ਹਾਂ ਇਕਜੁੱਟਤਾ ਦੇ ਪ੍ਰਤੀਕ ਵਜੋਂ ਆਪਣੇ ਫੇਸਬੁੱਕ ਪ੍ਰੋਫਾਈਲ ਦੀ ਫੋਟੋ ਲਾਲ ਕੀਤੀ ਸੀ, ਸਣੇ ਕਈ ਸੇਵਾ ਮੁਕਤ ਫ਼ੌਜੀ ਜਰਨੈਲ

ਅੰਦੋਲਨ ਦੀ ਹਮਾਇਤ ਕਰ ਰਹੇ ਸਨ। ਇਹ ਕਾਫ਼ੀ ਅਹਿਮ ਘਟਨਾ ਸੀ ਕਿਉਂਕਿ ਬੰਗਲਾਦੇਸ਼ ਵਿੱਚ ਬਹੁਤ ਸਾਰੇ ਸਾਬਕਾ ਫ਼ੌਜੀ ਅਫਸਰਾਂ ਦਾ ਪਿਛੋਕੜ ਪਾਕਿਸਤਾਨੀ ਫ਼ੌਜ ਨਾਲ ਜੁੜਿਆ ਹੋਇਆ ਹੈ। ਇਹ ਦੋਸ਼ ਵੀ ਲਾਏ ਜਾ ਰਹੇ ਹਨ ਕਿ ਪ੍ਰਦਰਸ਼ਨਕਾਰੀਆਂ ਨੂੰ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀਐੱਨਪੀ) ਅਤੇ ਜਮਾਤ-ਏ-ਇਸਲਾਮੀ ਦੇ ਆਪਣੇ ਸਿਆਸੀ ਮੰਤਵਾਂ ਲਈ ਵਰਤਿਆ ਜਾ ਰਿਹਾ ਹੈ। ਇਸੇ ਦੌਰਾਨ ਫ਼ੌਜ ਨੇ ਅਮਨ ਕਾਨੂੰਨ ਵਿਵਸਥਾ ਬਹਾਲ ਕਰਾਉਣ ਲਈ ਦਖ਼ਲ ਦਿੱਤਾ। ਫ਼ੌਜ ਦੇ ਮੁਖੀ ਜਨਰਲ ਵਕਾਰ-ਉਜ਼-ਜ਼ਮਾਂ ਨੇ ਪਹਿਲਾਂ ਅਫਸਰਾਂ ਨੂੰ ਅਮਨ ਬਹਾਲ ਕਰਾਉਣ ਦੇ ਨਿਰਦੇਸ਼ ਦਿੱਤੇ ਪਰ ਜਦੋਂ ਹਾਲਾਤ ਬੇਕਾਬੂ ਹੁੰਦੇ ਦਿਖਾਈ ਦਿੱਤੇ ਤਾਂ ਫ਼ੌਜ ਵੀ ਦੁਚਿੱਤੀ ਵਿੱਚ ਪੈ ਗਈ।

3 ਅਗਸਤ ਨੂੰ ਫ਼ੌਜ ਦੇ ਮੁਖੀ ਜਨਰਲ ਵਕਾਰ-ਉਜ਼-ਜ਼ਮਾਂ ਨੇ ਢਾਕਾ ਵਿੱਚ ਫ਼ੌਜੀ ਸਦਰ ਮੁਕਾਮ ਵਿੱਚ ਅਫਸਰਾਂ ਨੂੰ ਮੁਖ਼ਾਤਿਬ ਹੁੰਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਬੰਗਲਾਦੇਸ਼ ਦੀ ਫ਼ੌਜ ਲੋਕਾਂ ਦੇ ਭਰੋਸੇ ਦੀ ਪ੍ਰਤੀਕ ਹੈ, ਉਨਾਂ ਭਰੋਸਾ ਦਿਵਾਇਆ ਕਿ ਲੋੜ ਪੈਣ 'ਤੇ ਫ਼ੌਜ ਲੋਕਾਂ ਅਤੇ ਸਟੇਟ/ਰਿਆਸਤ ਨਾਲ ਖੜ੍ਹੇਗੀ ਪਰ ਉਨ੍ਹਾਂ ਇਹ ਸਪਸ਼ਟ ਨਹੀਂ ਕੀਤਾ ਕਿ ਕੀ ਫ਼ੌਜ ਪ੍ਰਦਰਸ਼ਨਕਾਰੀਆਂ ਦੀ ਹਮਾਇਤ ਕਰਦੀ ਹੈ।

ਸ਼ੇਖ਼ ਹਸੀਨਾ ਦੇ ਸ਼ਾਸਨਕਾਲ ਦੌਰਾਨ ਭਾਵੇਂ ਅਮਨ ਚੈਨ ਬਣਿਆ ਰਹਿਣ ਕਰ ਕੇ ਬੰਗਲਾਦੇਸ਼ ਵਿਚ ਖੁਸ਼ਹਾਲੀ ਆਈ ਸੀ ਪਰ ਉਨ੍ਹਾਂ 'ਤੇ ਇਹ ਦੋਸ਼ ਲਾਇਆ ਜਾਂਦਾ ਹੈ ਕਿ ਉਨ੍ਹਾਂ ਰਾਜਕੀ ਸੰਸਥਾਵਾਂ ਦੀ ਵਰਤੋਂ ਕਰ ਕੇ ਅਤੇ ਅਸਹਿਮਤੀ ਦੀਆਂ ਆਵਾਜ਼ਾਂ ਚੁੱਪ ਕਰਵਾ ਕੇ ਆਪਣੀ ਸੱਤਾ ਕਾਇਮ ਕੀਤੀ। ਇਹ ਵੀ ਕਿਹਾ ਜਾਂਦਾ ਰਿਹਾ ਹੈ ਕਿ ਅਵਾਮੀ ਲੀਗ ਦਾ ਲੋਕਾਂ ਨਾਲੋਂ ਰਾਬਤਾ ਟੁੱਟ ਚੁੱਕਿਆ ਹੈ। ਬੰਗਲਾਦੇਸ਼ ਵਿੱਚ ਜੋ ਖ਼ੂਨੀ ਝੜਪਾਂ ਦੇਖਣ ਨੂੰ ਮਿਲੀਆਂ ਹਨ, ਉਹ ਦੇਸ਼ ਦੇ ਖ਼ਾਨਾਜੰਗੀ ਦੇ ਇਤਿਹਾਸ ਦੀਆਂ ਬਦਤਰੀਨ ਘਟਨਾਵਾਂ ਵਜੋਂ ਦਰਜ ਕੀਤੀਆਂ ਗਈਆਂ ਹਨ। ਅਵਾਮੀ ਲੀਗ ਨੇ ਪ੍ਰਦਰਸ਼ਨਕਾਰੀਆਂ ਨੂੰ ਦਬਾਉਣ ਲਈ ਆਪਣੇ ਵਿਦਿਆਰਥੀ ਵਿੰਗ ਬੰਗਲਾਦੇਸ਼ ਛਾਤਰ ਲੀਗ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕੀਤੀ ਅਤੇ ਇਹ ਭੁੱਲ ਗਈ ਕਿ ਵਿਦਿਆਰਥੀ ਵਿੰਗ ਹੋਰ ਵਿਦਿਆਰਥੀਆਂ 'ਤੇ ਹਮਲੇ ਕਰਨ ਲਈ ਨਹੀਂ ਹੁੰਦਾ। ਸ਼ੁਰੂ ਵਿੱਚ ਸੱਤਾਧਾਰੀ ਅਵਾਮੀ ਲੀਗ ਨਾਲ ਜੁੜੀਆਂ ਤਾਕਤਾਂ ਨੇ ਬਦਅਮਨੀ ਭੜਕਾਉਣ ਲਈ ਰੋਸ ਮੁਜ਼ਾਹਰੇ ਕੀਤੇ ਸਨ।

ਜਦੋਂ ਬੰਗਲਾਦੇਸ਼ ਵਿੱਚ ਹਾਲਾਤ ਖਰਾਬ ਹੋਣ ਲੱਗੇ ਤਾਂ ਸੰਯੁਕਤ ਰਾਸ਼ਟਰ ਨੇ ਇਸ ਦਾ ਨੋਟਿਸ ਲੈਂਦਿਆਂ ਹਿੰਸਾ ਬੰਦ ਕਰਨ, ਸਾਰੇ ਕੈਦੀਆਂ ਦੀ ਰਿਹਾਈ ਕਰਨ, ਇੰਟਰਨੈੱਟ ਤੱਕ ਰਸਾਈ ਬਹਾਲ ਕਰਨ ਅਤੇ ਸਾਰਥਿਕ ਗੱਲਬਾਤ ਸ਼ੁਰੂ ਕਰਨ ਦੀ ਅਪੀਲ ਕੀਤੀ। ਭਾਰਤ ਬੰਗਲਾਦੇਸ਼ ਦੀਆਂ ਘਟਨਾਵਾਂ ਤੋਂ ਫ਼ਿਕਰਮੰਦ ਤਾਂ ਸੀ ਪਰ ਇਸ ਕੋਲ ਉੱਥੇ ਦਖ਼ਲ ਦੇਣ ਦੀ ਬਹੁਤੀ ਗੁੰਜਾਇਸ਼ ਨਹੀਂ ਸੀ ਜਿਸ ਕਰ ਕੇ ਇਸ ਨੇ ਆਪਣੇ ਨਾਗਰਿਕਾਂ ਨੂੰ ਉਥੋਂ ਦੀ ਯਾਤਰਾ ਨਾ ਕਰਨ ਦੀ ਸਲਾਹ ਦਿੱਤੀ ਸੀ। ਨਵੀਂ ਦਿੱਲੀ ਨੂੰ ਇਸ ਗੱਲ ਦੀ ਵੀ ਚਿੰਤਾ ਸੀ ਕਿ ਬੰਗਲਾਦੇਸ਼ ਵਿੱਚ ਚੱਲ ਰਹੀ ਬਦਅਮਨੀ ਦਾ ਉਸ ਉਪਰ ਖ਼ਾਸਕਰ ਉਸ ਦੇਸ਼ ਨਾਲ ਲੱਗਦੇ ਸੂਬਿਆਂ ਉਪਰ ਅਸਰ ਹੋ ਸਕਦਾ ਹੈ।

ਇਸ ਸੰਕਟ ਨੇ ਨਾਗਰਿਕਾਂ ਨੂੰ ਦਰਪੇਸ਼ ਚੌਤਰਫ਼ਾ ਸਮੱਸਿਆਵਾਂ ਉਜਾਗਰ ਕਰ ਦਿੱਤੀਆਂ ਹਨ: ਰੋਜ਼ਮੱਰਾ ਚੀਜ਼ਾਂ ਦੀਆਂ ਵਧ ਰਹੀਆਂ ਕੀਮਤਾਂ, ਅਪਰਾਧੀ ਗਰੋਹਾਂ ਦੀ ਜਕੜ ਅਤੇ ਸਰਕਾਰ ਦੇ ਹਰ ਅੰਗ ਵਿੱਚ ਫੈਲਿਆ ਭ੍ਰਿਸ਼ਟਾਚਾਰ। ਸਰਕਾਰ ਜਿਵੇਂ ਆਪਣੇ ਸਿਆਸੀ ਵਿਰੋਧੀਆਂ ਨੂੰ ਨੱਪਣ ਲਈ ਲੱਕ ਬੰਨ੍ਹ ਕੇ ਜੁਟੀ ਹੋਈ ਸੀ, ਉਸ ਤੋਂ ਵੀ ਆਮ ਲੋਕ ਦੁਖੀ ਸਨ। ਬੰਗਲਾਦੇਸ਼ੀ ਅਰਥਚਾਰੇ ਨੂੰ ਕੁਝ ਸਮੇਂ ਤੋਂ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਖ਼ਾਸਕਰ ਵਿਦੇਸ਼ੀ ਕਰੰਸੀ ਦਾ ਸੰਕਟ ਹੈ। ਜਦੋਂ ਅਰਥਚਾਰੇ ਦੀ ਕਾਰਗੁਜ਼ਾਰੀ ਚੰਗੀ ਹੁੰਦੀ ਹੈ ਤਾਂ ਨਾਗਰਿਕ ਉਨ੍ਹਾਂ ਨੂੰ ਮਿਲ ਰਹੀ ਜਮਹੂਰੀ ਥਾਂ ਵੱਲ ਬਹੁਤਾ ਧਿਆਨ ਨਹੀਂ ਦਿੰਦੇ ਪਰ ਜਦੋਂ ਅਰਥਚਾਰੇ ਦੀ ਹਾਲਤ ਵਿਗੜਨ ਲਗਦੀ ਹੈ ਤਾਂ ਨੌਕਰੀਆਂ, ਰੁਜ਼ਗਾਰ ਅਤੇ ਸਿਆਸੀ ਆਜ਼ਾਦੀ ਜਿਹੇ ਸਰੋਕਾਰ ਬਹੁਤ ਅਹਿਮ ਬਣ ਜਾਂਦੇ ਹਨ। ਸਰਕਾਰ ਨੇ ਵਿਦਿਆਰਥੀ ਅੰਦੋਲਨ ਨਾਲ ਗ਼ਲਤ ਢੰਗ ਨਾਲ ਨਜਿੱਠ ਕੇ ਅਤੇ ਪ੍ਰਦਰਸ਼ਨਕਾਰੀਆਂ ਨੂੰ ਆਪਣੇ ਸਿਆਸੀ ਵਿਰੋਧੀ ਕਰਾਰ ਦੇ ਕੇ ਸੰਕਟ ਹੋਰ ਮਘਾ ਦਿੱਤਾ। ਫ਼ੌਜ ਦੇ ਮੁਖੀ ਨੇ ਅੰਤਰਿਮ ਸਰਕਾਰ ਕਾਇਮ ਕਰਨ ਦਾ ਐਲਾਨ ਕਰ ਦਿੱਤਾ। ਬੰਗਲਾਦੇਸ਼ ਦੀ ਫ਼ੌਜ ਸੱਤਾ ਦੀ ਕਮਾਨ ਬਹੁਤੀ ਦੇਰ ਆਪਣੇ ਹੱਥਾਂ ਵਿੱਚ ਸੰਭਾਲ ਕੇ ਨਹੀਂ ਰੱਖ ਸਕਦੀ ਕਿਉਂਕਿ ਇਹ ਸੰਯੁਕਤ ਰਾਸ਼ਟਰ ਸ਼ਾਂਤੀ ਮਿਸ਼ਨਾਂ ਦੀ ਵੱਡੀ ਲਾਭਪਾਤਰ ਹੈ ਅਤੇ ਸੰਯੁਕਤ ਰਾਸ਼ਟਰ ਅਜਿਹੀ ਵਿਵਸਥਾ ਨੂੰ ਬਹੁਤਾ ਪਸੰਦ ਨਹੀਂ ਕਰਦਾ। ਜਿਵੇਂ 2007 ਵਿਚ ਕਾਇਮ ਮੁਕਾਮ ਸਰਕਾਰ ਦੇ ਕਾਰਜਕਾਲ ਵੇਲੇ ਦੇਖਿਆ ਗਿਆ ਸੀ, ਫ਼ੌਜ ਪਿਛਲੀ ਸੀਟ 'ਤੇ ਬੈਠ ਕੇ ਸੱਤਾ ਚਲਾਉਣਾ ਪਸੰਦ ਕਰਦੀ ਹੈ। ਬਹਰਹਾਲ, ਜਿੱਥੋਂ ਤੱਕ ਭਾਰਤ ਦਾ ਤਾਅਲੁਕ ਹੈ, ਦੁਵੱਲੇ ਰਿਸ਼ਤੇ ਨਵੀਂ ਸਰਕਾਰ ਬਣਨ 'ਤੇ ਹੀ ਨਿਰਭਰ ਕਰਨਗੇ ਅਤੇ ਰੋਸ ਪ੍ਰਦਰਸ਼ਨ ਤੇ ਅਰਾਜਕਤਾ ਬੰਦ ਹੋਣ 'ਤੇ ਹੀ ਨਵੀਂ ਸਰਕਾਰ ਬਣਨ ਦਾ ਰਾਹ ਸਾਫ਼ ਹੋਵੇਗਾ।

..........................................................

# ਗੁਰਮਤਿ ਵਿੱਚ ਮੌਤ ਦਾ ਸੰਕਲਪ



**ਨਰੈਣ ਸਿੰਘ ਜਲੰਧਰ**
**98150-84646**

ਇਕਨਾ ਮਰਣੁ ਨ ਚਿਤਿ, ਆਸ ਘਣੇਰਿਆ॥
ਮਰਿ ਮਰਿ ਜੰਮਹਿ ਨਿਤ, ਕਿਸੈ ਨ ਕੇਰਿਆ॥

ਮੌਤ ਇਕ ਬਹੁਤ ਡੂੰਘਾ ਤੇ ਸਰਬ ਵਿਆਪੀ ਵਿਸ਼ਾ ਹੈ। ਮੌਤ ਇਕ ਸਰਬ ਵਿਆਪਕ ਸਚਾਈ ਹੈ ਜੋ ਸੰਸਾਰ ਦੇ ਹਰ ਖਿੱਤੇ ਵਿੱਚ ਹਰ ਇਕ ਨਾਲ ਵਾਪਰਦੀ ਹੈ। ਮੌਤ ਕੇਵਲ ਇਨਸਾਨ ਲਈ ਨਹੀਂ ਸਗੋਂ ਸਾਰੇ ਜੀਵ ਜੰਤੂ ਇਸ ਦੀ ਲਪੇਟ ਵਿੱਚ ਹਨ।

ਮੌਤ ਨੂੰ ਯਾਦ ਰੱਖਣਾ ਬਹੁਤ ਸਿਆਣਪ ਵਾਲੀ ਗੱਲ ਹੈ ਕਿਉਂਕਿ 'ਰਾਣਾ ਰਾਉ ਨ ਕੋ ਰਹੈ, ਰੰਗੁ ਨ ਤੁੰਗ ਫਕੀਰ॥ ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ॥ ਵਾਲੀ ਹਾਲਤ ਇਕ ਦਿਨ ਅਵਸ਼ ਵਾਪਰਨੀ ਹੀ ਹੈ। ਮੌਤ ਦਾ ਕੋਈ ਵੇਲਾ ਵਕਤ ਨਹੀਂ, ਇਸ ਨੇ ਬਚਪਨ, ਜਵਾਨੀ ਜਾਂ ਬੁਢੇਪੇ ਵਲ ਨਹੀਂ ਵੇਖਣਾ, ਗੁਰਵਾਕ ਹਨ:-

ਨਹ ਬਾਰਿਕ ਨਹ ਜੋਬਨੈ, ਨਹ ਬਿਰਧੀ ਕਛੁ ਬੰਧੁ॥
ਓਹ ਬੇਰਾ ਨਹ ਬੂਝੀਐ, ਜਉ ਆਇ ਪਰੈ ਜਮ ਫੰਧੁ॥

ਸੰਸਾਰ ਸਦਾ ਲਈ ਰਹਿਣ ਵਾਲੀ ਥਾਂ ਨਹੀਂ। ਜਗਤ ਮਿਥਿਆ ਹੈ। ਮਨੁੱਖੀ ਜੀਵਨ ਬਾਕੀ ਸਾਰੇ ਜੀਵਾਂ ਤੋਂ ਉੱਤਮ ਜੀਵਨ ਹੈ ਪਰ ਇਹ ਜੀਵਨ ਤਾਂ ਪਾਣੀ ਦੇ ਬੁਲਬੁਲੇ ਵਾਂਗ ਹੈ। ਪਤਾ ਨਹੀਂ ਇਸ ਸਰੀਰ ਰੂਪੀ ਕੱਚੇ ਭਾਂਡੇ ਨੂੰ ਕਦੋਂ ਮੌਤ ਰੂਪੀ ਠਣਕੇ ਨੇ ਆ ਲੱਗਣਾ ਹੈ। ਮੌਤ ਇੱਕ ਰਹੱਸ ਹੈ।

ਸੰਸਾਰ ਨਾਸ਼ਵਾਨ ਹੈ। ਪਰਿਵਰਤਨ ਕੁਦਰਤ ਦਾ ਨਿਯਮ ਹੈ। ਜ਼ਿੰਦਗੀ ਅਤੇ ਮੌਤ ਜੀਵਨ ਦੇ ਦੋ ਪਹਿਲੂ ਹਨ। ਮੌਤ ਇਕ ਗੂੜ੍ਹ ਰਹੱਸ ਹੈ। ਜੋ ਜਨਮਦਾ ਹੈ, ਉਸਨੂੰ ਮੌਤ ਜ਼ਰੂਰ ਆਉਂਦੀ ਹੈ, ਪਰ ਮੌਤ ਦੇ ਭੇਦ ਨੂੰ ਸਮਝਣਾ ਕਿ ਮੌਤ ਕੀ ਹੈ, ਇਹੀ ਸਭ ਤੋਂ ਜਟਿਲ ਪ੍ਰਸ਼ਨ ਹੈ। ਜ਼ਿੰਦਗੀ ਕੀ ਹੈ? ਮਨੁੱਖ ਇਸਨੂੰ ਵੀ ਨਹੀਂ ਜਾਣਦਾ। ਜੇਕਰ ਅਸੀਂ ਜ਼ਿੰਦਗੀ ਨੂੰ ਹੀ ਨਾ ਜਾਣ ਸਕੀਏ ਤਾਂ ਮੌਤ ਨੂੰ ਜਾਣਨ ਦੀ ਕੋਈ ਸੰਭਾਵਨਾ ਬਾਕੀ ਨਹੀਂ ਰਹਿ ਜਾਂਦੀ। ਜ਼ਿੰਦਗੀ ਹੀ ਨਾਵਾਕਿਫ ਅਤੇ ਅਗਿਆਤ ਹੋਵੇ ਤਾਂ ਮੌਤ ਵਾਕਫ਼ ਅਤੇ ਗਿਆਤ ਨਹੀਂ ਹੋ ਸਕਦੀ। ਮੌਤ ਇਕ ਅਗਿਆਨ ਹੈ। ਜ਼ਿੰਦਗੀ ਦਾ ਅਗਿਆਨ ਹੀ ਮੌਤ ਦੀ ਘਟਨਾ ਬਣ ਜਾਂਦਾ ਹੈ।

ਇਨਸਾਨ ਮੌਤ ਤੋਂ ਆਪਣੇ ਪਾਪਾਂ, ਕਰਮਾਂ ਕਾਰਨ ਭੈ-ਭੀਤ ਹੁੰਦਾ ਹੈ। ਮਨੁੱਖ ਨੂੰ ਜੀਵਨ ਦੀ ਸਭ ਤੋਂ ਵੱਡੀ ਦੁਰਘਟਨਾ 'ਮੌਤ 'ਜਾਪਦੀ ਹੈ। ਮੌਤ ਨੇ ਵੱਡੇ ਵੱਡੇ ਪੀਰ-ਪੈਗੰਬਰ, ਔਲੀਏ ਅਤੇ ਰਾਜੇ-ਮਹਾਰਾਜਿਆਂ ਨੂੰ ਵੀ ਨਹੀਂ ਬਖਸ਼ਿਆ। ਸਭ ਅਖ਼ੀਰ ਵਿੱਚ ਕਾਲ (ਮੌਤ) ਦੀ ਗੋਦ ਵਿੱਚ ਸਮਾ ਗਏ।

ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ॥
ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ॥

ਇਸ ਸੰਸਾਰ ਵਿੱਚ ਜੋ ਜਨਮਦਾ ਹੈ, ਉਹ ਮਰਦਾ ਵੀ ਹੈ। ਜਦੋਂ ਜੀਵ ਇਸ ਸੰਸਾਰ ਤੇ ਜਨਮ ਲੈ ਕੇ ਆਉਂਦਾ ਹੈ,ਉਹ ਆਪਣੀ ਮੌਤ ਦਾ ਸਮਾਂ ਵੀ ਨਿਸ਼ਚਿਤ ਕਰਵਾ ਕੇ ਲੈ ਆਉਂਦਾ ਹੈ।

ਮਰਣੁ ਲਿਖਾਇ ਮੰਡਲ ਮਹਿ ਆਏ॥

ਕੋਈ ਵੀ ਇਨਸਾਨ ਇਸ ਰੰਗਲੇ ਸੰਸਾਰ ਤੋਂ ਜਾਣਾ ਨਹੀਂ ਚਾਹੁੰਦਾ ਅਤੇ ਨਾ ਹੀ ਆਪਣੇ ਪਿਆਰਿਆਂ ਨੂੰ ਛੱਡਣਾ ਚਾਹੁੰਦਾ ਹੈ।

ਮੌਤ ਕਿੱਥੇ ਨਹੀਂ। ਸਾਰਾ ਬ੍ਰਹਿਮੰਡ, ਪ੍ਰਿਥਵੀ, ਸੂਰਜ, ਤਾਰਿਕਾ ਮੰਡਲ, ਪਹਾੜ, ਬਨਾਸਪਤੀ ਆਦਿ ਸਭ ਕੁਝ ਬਿਨਸਨਹਾਰ ਹੈ ਤਾਂ ਇਸ ਦੇ ਤਲ ਉੱਤੇ ਰਹਿਣ ਵਾਲੇ ਜੀਵ ਕਿਵੇਂ ਕਾਲ ਦੇ ਜਾਲ ਤੋਂ ਬਚ ਸਕਦੇ ਹਨ? ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ:ਸਰੀਰ ਤੋਂ ਪ੍ਰਾਣਾਂ ਦਾ ਵਿਯੋਗ ਮੌਤ ਹੈ। ਜੇਕਰ ਇਕ ਸ਼ਬਦ ਕਹੀਏ ਤਾਂ ਦੁਨੀਆਂ ਦੇ ਸਾਰੇ ਕੰਮ ਕਾਲ ਦੇ ਨਮਿਰਤ ਹੀ ਪੂਰੇ ਹੁੰਦੇ ਹਨ। ਮੌਤ ਤੋਂ ਹਰ ਕੋਈ ਡਰਦਾ ਹੈ ਪਰ ਇਹ ਕਿਸੇ ਨੂੰ ਦਿਸਦੀ ਨਹੀਂ।

ਅਸਲ ਵਿੱਚ ਮਨੁੱਖ ਨੂੰ ਮੌਤ ਦਾ ਗਿਆਨ ਹੀ ਨਹੀਂ

ਹੁੰਦਾ, ਓਹ ਤਾਂ ਮੌਤ ਦੇ ਭਿਆਨਕ ਦੁੱਖ ਤੋਂ ਚਿੰਤਤ ਹੁੰਦਾ ਹੈ ਕਿਉਂਕਿ ਭਗਤ ਕਬੀਰ ਜੀ ਦਾ ਕਥਨ ਹੈ- "ਕਬੀਰ ਜਮ ਕਾ ਠੇਂਗਾ ਬੁਰਾ ਹੈ, ਉਹ ਨਹੀ ਸਹਿਆ ਜਾਇ "(1368)। ਮਨ ਦੀ ਕਲਪਨਾ ਮਨੁੱਖ ਨੂੰ ਬਹੁਤ ਤੰਗ ਕਰਦੀ ਹੈ।

ਇਸ ਸੰਸਾਰ ਉੱਪਰ ਪ੍ਰਾਣੀ ਉਸ ਪਰਮਾਤਮਾ ਦੀ ਰਜ਼ਾ ਦੇ ਅਨੁਸਾਰ ਹੀ ਜਨਮ ਲੈਂਦਾ ਹੈ ਅਤੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿੰਦਾ ਹੈ। ਪ੍ਰਮਾਤਮਾ ਨੇ ਜਿੰਨੀ ਸੁਆਸਾਂ ਦੀ ਪੂੰਜੀ ਪ੍ਰਾਣੀ ਨੂੰ ਦਿੱਤੀ ਹੈ, ਉਹ ਉਹੀ ਭੋਗਦਾ ਹੈ:

ਸਤਿਗੁਰ ਸਾਚੈ ਦੀਆ ਭੇਜਿ॥
ਚਿਰੁ ਜੀਵਨੁ ਉਪਜਿਆ ਸੰਜੋਗਿ॥
ਉਦਰੈ ਮਾਹਿ ਆਇ ਕੀਆ ਨਿਵਾਸੁ॥
ਮਾਤਾ ਕੈ ਮਨਿ ਬਹੁਤੁ ਬਿਗਾਸੁ॥

ਛਿਨ-ਛਿਨ ਕਰਕੇ ਅਉਧ ਬੀਤ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਕਿ ਸੰਜੋਗ ਤੇ ਵਿਯੋਗ ਸਾਰੀ ਕਾਇਨਾਤ ਦੀ ਕਾਰ ਨੂੰ ਚਲਾਉਂਦੇ ਹਨ। ਵਿਜੋਗ ਦੀ ਕਿਰਿਆ ਅੰਤਿਮ ਕਿਰਿਆ ਹੁੰਦੀ ਹੈ। ਹਰ ਇਕ ਇਨਸਾਨ ਹਰ ਰੋਜ਼ ਕਦਮ ਦਰ ਕਦਮ ਮੌਤ ਵਲ ਵੱਧਦਾ ਜਾਂਦਾ ਹੈ। ਜੋ ਜਨਮ ਲੈਂਦਾ ਹੈ, ਉਹ ਮਰੇਗਾ ਜ਼ਰੂਰ।

ਜੋ ਜਨਮੈ ਸੋ ਜਾਨਹੁ ਮੂਆ॥

ਮੌਤ ਦਾ ਸਮਾਂ ਅਤੇ ਤਰੀਕਾ ਨਿਸ਼ਚਿਤ ਹੈ। ਹਰ ਇਕ ਨੇ ਆਪਣੀ ਵਾਰੀ ਆਈ ਤੇ ਇਥੋਂ ਚਲੇ ਜਾਣਾ ਹੈ। ਕਿਸੇ ਨੇ ਵੀ ਸਦਾ ਵਾਸਤੇ ਇਥੇ ਬੈਠੇ ਨਹੀਂ ਰਹਿਣਾ। ਇਹ ਜੋ ਸਾਰਾ ਪਸਾਰਾ ਦਿਖਾਈ ਦੇ ਰਿਹਾ ਹੈ,ਇਹ ਸਭ ਬਿਨਸਨਹਾਰ ਹੈ। ਇਹ ਸੰਸਾਰ ਤਾਂ ਸੁਪਨੇ ਦੀ ਨਿਆਈਂ ਹੈ। ਜਿਵੇਂ ਰਾਤ ਨੂੰ ਸੁੱਤਿਆਂ ਸੁਪਨਾ ਆਉਂਦਾ ਹੈ,ਪਰ ਉਹ ਚਿਰ ਸਥਾਈ ਨਹੀਂ ਹੁੰਦਾ:

ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥
ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ॥੨॥
ਕਹਾ ਸੁ ਭਾਈ ਮੀਤ ਹੈ ਦੇਖੁ ਨੈਨ ਪਸਾਰਿ॥
ਇਕਿ ਚਾਲੇਂ ਇਕਿ ਚਾਲਸਹਿ ਸਭਿ ਅਪਨੀ ਵਾਰ॥੩॥

ਜੀਵ "ਪੂਰਬਿ ਲਿਖੇ ਡੇਹੁ, ਸਿ ਆਏ ਮਾਇਆ॥ ਚਲਣੁ ਅਜ ਕਿ ਕਲਿ, ਧੁਰਹੁ ਫੁਰਮਾਇਆ (369) ਵਾਲਾ ਸੰਦੇਸ਼ ਹੀ ਚੇਤੇ ਨਹੀਂ ਕਰਦਾ, ਨਾ ਹੀ ਰਬ ਪ੍ਰੀ ਪੂਰਨ ਪ੍ਰੀਤੀ ਰਖਦਾ ਹੈ। ਹਰ ਰੋਜ਼ ਦਿਨ ਚੜ੍ਹਦਾ ਹੈ ਅਤੇ ਛਿੱਪ ਜਾਂਦਾ ਹੈ। ਇਹੋ ਹਾਲ ਸਭ ਜੀਵਾਂ ਦਾ ਹੈ। ਜੋ ਇਸ ਸੰਸਾਰ ਤੇ ਆਉਂਦਾ ਹੈ,ਉਸ ਨੇ ਇਕ ਨਾ ਇਕ ਦਿਨ ਚਲੇ ਜਾਣਾ ਹੈ। ਸਭ ਚਲੋ ਚਲੀ ਦਾ ਮੇਲਾ ਹੈ। ਇਹ ਸਫ਼ਰ ਬਹੁਤ ਲੰਮੇਰਾ ਹੈ।

ਜੋ ਦਿਨ ਆਵਹਿ ਸੋ ਦਿਨ ਜਾਹੀ॥
ਕਰਨਾ ਕੂਚੁ ਰਹਨੁ ਥਿਰੁ ਨਾਹੀ॥
ਸੰਗ ਚਲਤ ਹੈ ਹਮ ਭੀ ਚਲਨਾ॥
ਦੂਰਿ ਗਵਨੁ ਸਿਰ ਊਪਰਿ ਮਰਨਾ॥

ਸਰੀਰ ਜੀਵ ਦੇ ਸਫ਼ਰ ਦਾ ਸਾਧਨ ਹੈ। ਜੀਵ ਮੁਸਾਫ਼ਿਰ ਹੈ ਅਤੇ ਸਰੀਰ ਰਸਤਾ। ਜੀਵ ਨੂੰ ਹਰ ਸਮੇਂ ਮੌਤ ਨੂੰ ਯਾਦ ਰੱਖਣਾ ਚਾਹੀਦਾ ਹੈ। ਕਾਲ ਦੇ ਬੱਦਲ ਹਰ ਸਮੇਂ ਸਿਰ ਤੇ ਮੰਡਰਾ ਰਹੇ ਹਨ ਜਿਵੇਂ ਮੱਛੀ ਨੂੰ ਫੜ੍ਹਨ ਲਈ ਮਨੁੱਖ ਦੁਆਰਾ ਜਾਲ ਸੁੱਟਿਆ ਜਾਂਦਾ ਹੈ ਜਿਸ ਵਿਚ ਉਹ ਅਚਾਨਕ ਫਸ ਜਾਂਦੀ ਹੈ।

ਭਾਈ ਰੇ ਇਉ ਸਿਰਿ ਜਾਣਹੁ ਕਾਲੁ॥
ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ॥੧॥

"ਮਰਨਾ ਸੱਚ ਤੇ ਜੀਉਣਾ ਝੂਠ"। ਜਨਮ ਮਰਨ ਤਾਂ ਉਸ ਵਾਹਿਗੁਰੂ ਦੀ ਰਚੀ ਹੋਈ ਇਕ ਖੇਡ ਹੈ। ਪਰ ਗਾਫ਼ਲ ਜੀਵ ਮੌਤ ਨੂੰ ਭੁਲਾ ਕੇ ਇਸ ਰੰਗਲੇ ਸੰਸਾਰ ਵਿੱਚ ਹੀ ਗ੍ਰਸਿਆ ਰਹਿੰਦਾ ਹੈ। ਜੀਵਨ ਮੌਤ ਦਾ ਚੱਕਰ ਚਲਦਾ ਰਹਿੰਦਾ ਹੈ। ਇਸ ਤੋਂ ਕਿਵੇਂ ਬਚਿਆ ਜਾਵੇ। ਗੁਰੂ ਦੀ ਕਿਰਪਾ ਨਾਲ ਹੀ ਇਸ ਮੋਹ -ਮਾਇਆ ਤੋਂ ਬਚਿਆ ਜਾ ਸਕਦਾ ਹੈ:

ਜੈਸੇ ਕਿਰਸਾਣੁ ਬੋਵੈ ਕਿਸਾਨੀ॥
ਕਾਚੀ ਪਾਕੀ ਬਾਢਿ ਪਰਾਨੀ॥
ਜੋ ਜਨਮੈ ਜੋ ਜਾਨਹੁ ਮੂਆ॥
ਗੋਬਿੰਦ ਭਗਤੁ ਅਸਥਿਰੁ ਹੈ ਥੀਆ॥
ਦਿਨ ਤੇ ਸਰਪਰ ਪਉਸੀ ਰਾਤਿ॥
ਰੈਣਿ ਗਈ ਫਿਰਿ ਹੋਇ ਪਰਭਾਤਿ॥
ਮਾਇਆ ਮੋਹਿ ਸੋਇ ਰਹੇ ਅਭਾਗੇ॥
ਗੁਰ ਪ੍ਰਸਾਦਿ ਕੋ ਵਿਰਲਾ ਜਾਗੇ॥

ਇਸ ਜਗਤ ਵਿੱਚ ਸਦਾ ਲਈ ਰਹਿਣਾ ਅਸੰਭਵ ਹੈ, ਇਸ ਲਈ ਐਸੀ ਕਾਂਖਿਆ ਰੱਖਣੀ ਵੀ ਮਹਾਂ ਮੂਰਖਤਾ ਹੈ। ਫਿਰ ਜੀਉਂਦਾ ਕਿਹੜਾ ਹੈ? ਗੁਰਬਾਣੀ ਇਸ ਬਾਰੇ ਇਸ ਤਰ੍ਹਾਂ ਮਾਰਗ ਦਰਸ਼ਨ ਕਰਦੀ ਹੈ:-

ਸੋ ਜੀਵਤ, ਜਿਹ ਜੀਵਤ ਜਪਿਆ॥
ਪ੍ਰਗਟ ਭਏ, ਨਾਨਕ ਨਹ ਛਪਿਆ॥254॥

ਮਨੁੱਖੀ ਸੰਸਾਰ ਦੀ ਸਭ ਤੋਂ ਵੱਡੀ ਗੁੰਝਲ ਸ਼ਾਇਦ ਮੌਤ ਨਾਲ ਵਾਹ ਹੈ। ਇਹ ਕਾਲ ਦਾ ਸਦੀਵੀ ਚੱਕਰ ਕਿਸ ਤਰ੍ਹਾਂ ਵੱਸ ਵਿੱਚ ਆਵੇ? ਸਾਇੰਸ -ਵੇਤਾ ਅੱਜ ਤੱਕ ਇਸੇ ਗੱਲ ਦੀ ਭਾਲ ਵਿੱਚ ਦਿਨ ਰਾਤ ਲਗੇ ਹੋਏ ਹਨ ਪਰ ਉਨ੍ਹਾਂ ਨੂੰ ਕੁਝ ਸੁਝਦਾ ਬੁਝਦਾ ਨਹੀਂ। ਹਰ ਇਕ ਮਨੁੱਖ ਇਹੀ

ਸਮਝਦਾ ਹੈ ਕਿ ਉਹ ਮੌਤ ਤੋਂ ਬਹੁਤ ਜ਼ਿਆਦਾ ਦੂਰ ਹੈ, ਜਾਂ ਉਸਦੀ ਪਕੜ ਵਿਚ ਨਹੀਂ ਆਵੇਗਾ। ਜਿਵੇਂ ਕਬੂਤਰ ਬਿੱਲੀ ਨੂੰ ਆਪਣੇ ਵੱਲ ਆਉਂਦਾ ਦੇਖ ਕੇ ਅੱਖਾਂ ਮੀਟ ਕੇ ਉੱਥੇ ਹੀ ਬੈਠਾ ਰਹਿੰਦਾ ਹੈ। ਉਹ ਸਮਝਦਾ ਹੈ ਕਿ ਬਿੱਲੀ ਤਾਂ ਉਸ ਵੱਲ ਆ ਹੀ ਨਹੀਂ ਰਹੀ, ਇਹੋ ਜਿਹਾ ਹਾਲ ਹੀ ਮਨੁੱਖ ਦਾ ਹੈ। ਉਹ ਸਮਝਦਾ ਹੈ ਕਿ ਮੌਤ ਉਸਨੂੰ ਨਹੀਂ ਆਵੇਗੀ, ਪਰ ਉਹ ਬਿੱਲੀ ਵਾਂਗ ਉਸ ਉਤੇ ਝਪਟਣ ਲਈ ਹਮੇਸ਼ਾਂ ਤਿਆਰ ਹੈ। ਮੌਤ ਦੇ ਆਉਣ ਤੇ ਕੋਈ ਵੀ ਕਿਸੇ ਦਾ ਸਾਥ ਨਹੀਂ ਦਿੰਦਾ, ਇਕੱਲੀ ਜਿੰਦ ਨੂੰ ਹੀ ਉਸਦਾ ਭੁਗਤਾਨ ਕਰਨਾ ਪੈਂਦਾ ਹੈ।

ਦੁੱਖ ਦੀ ਗਲ ਇਹ ਹੈ ਕਿ ਮਨੁੱਖ ਜੀਵਨ ਦੀ ਆਸ ਨਹੀਂ ਛੱਡਦਾ। ਗੁਰੂ ਸਾਹਿਬ ਫੁਰਮਾਂਉਦੇ ਹਨ ਕਿ ਇਹ ਵਿਚਾਰ ਛੱਡ ਦਿਓ ਕਿਉਂਕਿ ਆਪਣੀ ਇੱਛਾ ਅਨੁਸਾਰ ਨਾ ਕੋਈ ਜੀਵ ਸੰਸਾਰ ਦੇ ਤਲ ਤੇ ਸਦਾ ਲਈ ਜਿੰਦਾ ਰਹਿ ਸਕਦਾ ਹੈ, ਨਾ ਕੋਈ ਆਪਣੀ ਮਰਜੀ ਨਾਲ ਇਸ ਲੋਕ ਤੋਂ ਪਰਲੋਕ ਜਾ ਸਕਦਾ ਹੈ। ਗੁਰਬਾਣੀ ਦੇ ਪਾਵਨ ਫੁਰਮਾਨ ਹਨ:-

ਜਾ ਆਏ ਤਾ ਤਿਨਹਿ ਪਠਾਏ,
ਚਾਲੇ ਤਿਨੈ ਬੁਲਾਇ ਲਇਆ ॥ 907 ॥
-ਜੰਮਣੁ ਮਰਣਾ ਹੁਕਮੁ ਹੈ, ਭਾਣੈ ਆਵੈ ਜਾਇ ॥ 472 ॥
-ਇਹੁ ਤਉ ਰਚਨੁ ਰਚਿਆ ਕਰਤਾਰਿ ॥
ਆਵਤ ਜਾਵਤ ਹੁਕਮਿ ਅਪਾਰਿ ॥ 885 ॥

ਮੌਤ ਸ਼ਿਕਾਰੀ ਵਾਂਗ ਹਰੇਕ ਜੀਵ ਦੇ ਪਿੱਛੇ ਪਿੱਛੇ ਫਿਰ ਰਹੀ ਹੈ। ਮੌਤ ਤੋਂ ਬਚਣ ਲਈ ਜੀਵ ਜਿੰਨੇ ਮਰਜ਼ੀ ਯਤਨ ਕਰ ਲਵੇ, ਪਰ ਇਹ ਨਹੀਂ ਟਲਦੀ, ਇਹ ਅਟੱਲ ਹੈ। ਸਭ ਆਪੋ ਆਪਣੀ ਵਾਰੀ ਆਈ ਤੇ ਇਥੋਂ ਕੂਚ ਕਰ ਗਏ ਹਨ ਅਤੇ ਕੂਚ ਕਰ ਜਾਣਗੇ। ਮੌਤ ਤੋਂ ਸਭ ਭਲੀ ਭਾਂਤ ਜਾਣੂੰ ਹਨ। ਫ਼ਰੀਦ ਜੀ ਫਰਮਾਉਂਦੇ ਹਨ ਕਿ ਮੌਤ ਰੂਪੀ ਨਦੀ ਦੇ ਕੰਢੇ ਤੇ ਖੜਾ ਜ਼ਿੰਦਗੀ ਦਾ ਬੰਨਾ ਇੰਜ ਦਿਸਦਾ ਹੈ ਜਿਸ ਤਰ੍ਹਾਂ ਦਰਿਆ ਨਾਲ ਲਗਦਾ ਢਹਿ ਰਿਹਾ ਕੰਢਾ ਹੁੰਦਾ ਹੈ।

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ॥
ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਹਾਹਾ ॥

ਮੌਤ ਬੜੀ ਪ੍ਰਬਲ ਸ਼ਕਤੀ ਹੈ। ਇਸਦੇ ਸਾਹਮਣੇ ਸਰੀਰ ਸਦਾ ਹਾਰਦਾ ਹੈ। ਕਿਹਾ ਜਾਂਦਾ ਹੈ ਕਿ ਇਕ ਸੁਣੱਖਾ ਭਾਂਡਾ ਭੱਜ ਗਿਆ ਹੈ ਅਤੇ ਸੋਹਣੀ ਲੱਜ ਟੁੱਟ ਗਈ ਹੈ। ਇਸੇ ਦੇ ਘਰ ਅੱਜ ਮੌਤ ਦਾ ਫ਼ਰਿਸ਼ਤਾ ਪ੍ਰਾਹੁਣਾ ਬਣ ਕੇ ਆਇਆ ਹੈ? ਫਰੀਦ ਜੀ ਮੌਤ ਨੂੰ ਇਕ ਖ਼ਾਸ ਘਟਨਾ ਸਮਝ ਕੇ ਇਸ ਦਾ ਅਨੁਭਵ ਕਰਦੇ ਹਨ।

ਫਰੀਦਾ ਭੰਨੀ ਘੜੀ ਸਵੰਨਵੀ ਟੁਟੀ ਨਾਗਰ ਲਜੁ ॥
ਅਜਰਾਈਲੁ ਫਰੇਸਤਾ ਕੈ ਘਰਿ ਨਾਠੀ ਅਜੁ ॥ ੬੯ ॥

ਮੌਤ ਲਈ ਅਮੀਰ, ਗਰੀਬ, ਰਾਜਾ, ਫ਼ਕੀਰ, ਬੱਚਾ, ਬੁੱਢਾ ਸਭ ਇਕ ਸਮਾਨ ਹਨ। ਉਹ ਕਿਸੇ ਦੀ ਉਮਰ ਅਤੇ ਰੁੱਤਬੇ ਦੀ ਪ੍ਰਵਾਹ ਨਹੀਂ ਕਰਦੀ। ਸਭ ਨੂੰ ਆਪਣੇ ਕਬਜ਼ੇ ਵਿੱਚ ਕਰ ਲੈਂਦੀ ਹੈ। ਮਨੁੱਖੀ ਜੀਵਨ ਨਦੀ ਦੇ ਕੰਢੇ ਉੱਗੇ ਹੋਏ ਰੁੱਖ ਵਾਂਗ ਹੈ, ਜਿਸਦੀ ਮਿਆਦ ਥੋੜਾ ਚਿਰ ਹੀ ਹੁੰਦੀ ਹੈ ਪਤਾ ਨਹੀਂ ਕਦੋਂ ਗਿਰ ਜਾਵੇ, ਕਿਉਂਕਿ ਪਾਣੀ ਉਸਦੀਆਂ ਜੜ੍ਹਾਂ ਵਿੱਚੋਂ ਮਿੱਟੀ ਨੂੰ ਖਾਰਦਾ ਰਹਿੰਦਾ ਹੈ। ਜਿਸ ਤਰ੍ਹਾਂ ਕੱਚੇ ਘੜੇ ਵਿੱਚ ਪਾਣੀ ਵੀ ਬਹੁਤ ਦੇਰ ਨਹੀਂ ਰਹਿੰਦਾ, ਪਾਣੀ ਪੈਣ ਨਾਲ ਉਹ ਜਲਦੀ ਹੀ ਖੁਰ ਜਾਂਦਾ ਹੈ। ਇਸੇ ਤਰ੍ਹਾਂ ਹੀ ਮਨੁੱਖੀ ਸਰੀਰ ਹੈ,ਇਸ ਸਰੀਰ ਰੂਪੀ ਘੜੇ ਵਿੱਚ ਪਤਾ ਨਹੀਂ ਕਦੋਂ ਸਵਾਸਾਂ ਰੂਪੀ ਪਾਣੀ ਨੇ ਨਿਕਲ ਜਾਣਾ ਹੈ।

ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ ॥
ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ ॥ ੯੮ ॥
-ਕਬੀਰ ਬੈਦੁ ਮੂਆ ਰੋਗੀ ਮੂਆ, ਮੂਆ ਸਭੁ ਸੰਸਾਰੁ ॥
ਏਕੁ ਕਬੀਰਾ ਨ ਮੂਆ, ਜਿਹ ਨਾਹੀ ਰੋਵਨਹਾਰੁ ॥ 1368 ॥

ਸਭ ਥਾਵਾਂ ਨਾਸ਼ਵਾਨ ਹਨ, ਇਸ ਸੰਸਾਰ ਉੱਪਰ ਕੋਈ ਵੀ ਅਜਿਹੀ ਥਾਂ ਨਹੀਂ ਹੈ ਜਿਹੜੀ ਸਥਿਰ ਹੋਵੇ। ਹਰ ਪਲ ਉਮਰ ਘਟ ਰਹੀ ਹੈ। ਜਿਸ ਤਰ੍ਹਾਂ ਨਦੀ ਦੇ ਕੰਢੇ ਬਗਲਾ ਕਲੋਲ ਕਰ ਰਿਹਾ ਸੀ। ਇਸ ਹੰਸ ਵਰਗੇ ਸੋਹਣੇ ਬਗਲੇ ਨੂੰ ਬਾਜ਼ ਰੂਪੀ ਮੌਤ ਦਾ ਫ਼ਰਿਸ਼ਤਾ ਅਜ਼ਰਾਈਲ ਅਚਾਨਕ ਆ ਕੇ ਝਪਟ ਪਏ ਤਾਂ ਉਸਨੂੰ ਸਭ ਕਲੋਲਾਂ ਭੁੱਲ ਜਾਂਦੀਆਂ ਹਨ। ਜੋ ਕੁੱਝ ਉਸਦੇ ਦਿਮਾਗ ਵਿਚ ਵੀ ਨਹੀਂ ਹੁੰਦਾ, ਪ੍ਰਮਾਤਮਾ ਉਹ ਕਰ ਦਿਖਾਉਂਦਾ ਹੈ:-

ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥
ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥
ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਜੀਆਂ ॥

ਮੌਤ ਕਦੇ ਵੀ ਕਿਸੇ ਦੀ ਪਰਵਾਹ ਨਹੀਂ ਕਰਦੀ। ਇਹ ਦੁਨੀਆਂ ਇੱਕ ਸੋਹਣੇ ਬਾਗ ਦੀ ਤਰ੍ਹਾਂ ਹੈ। ਇਸ ਵਿੱਚ ਜੀਵ ਰੂਪ ਪੰਛੀਆਂ ਦੀ ਡਾਰ ਪ੍ਰਾਹੁਣੀ ਹੈ। ਹੁਣ ਸਵੇਰ ਦਾ ਧੌਂਸਾ ਵਜ ਗਿਆ ਹੈ, ਚੱਲਣ ਦੀ ਤਿਆਰੀ ਕਰੋ:-

ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥
ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ ॥ ੭੯ ॥

ਮੌਤ ਦਾ ਵੇਲਾ ਜਾਂ ਵਾਰੀ ਬਾਰੇ ਗੁਰਬਾਣੀ ਵਿੱਚ ਇਉਂ ਸੇਧ ਦਿੱਤੀ ਗਈ ਹੈ:-

ਮਰਣਿ ਨ ਮੂਰਤੁ ਪੁਛਿਆ, ਪੁਛੀ ਥਿਤਿ ਨ ਵਾਰ ॥
ਇਕਨੀ ਲਦਿਆ, ਇਕਿ ਲਦਿ ਚਲੇ, ਇਕਨੀ ਬਧੇ ਭਾਰ ॥
-ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥

ਓਹ ਬੇਰਾ ਨ ਬੂਝੀਐ, ਜਉ ਆਇ ਪਰੈ ਜਮ ਫੰਧੁ ॥ 254 ॥
-ਸਾ ਵੇਲਾ ਚਿਤਿ ਨ ਆਵੈ, ਜਿਤੁ ਆਇ ਕੰਟਕੁ ਕਾਲੁ ਗ੍ਰਸੈ ॥
ਤਿਸੁ ਨਾਨਕ ਲਏ ਛਡਾਇ,
ਜਿਸੁ ਕਿਰਪਾ ਕਰਿ ਹਿਰਦੈ ਵਸੈ ॥ 723 ॥

ਮੌਤ ਅਹਿਸਾਸ ਹੈ ਕਿ ਮਨੁੱਖਾ ਜਨਮ ਬੜਾ ਅਮੋਲਕ ਮੌਕਾ ਹੈ। ਇਹ ਨਿਰਾਰਥ ਨਾ ਜਾਏ। ਹਰ ਛਿਨ ਆਪਣੇ ਕਿਰਦਾਰ ਤੇ ਪਹਿਰਾ ਦੇਣ ਦੀ ਲੋੜ ਹੈ। ਸੁਆਸਾਂ ਦੇ ਤਿਲ ਥੋੜ੍ਹੇ ਹਨ। ਮੌਤ ਤੀਬਰਤਾ ਦਾ ਰੂਪ ਹੈ।

ਫਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕੁ ਭਰੀ ॥
ਜੇ ਜਾਣਾ ਸਹੁ ਨੰਢੜਾ ਤਾਂ ਥੋੜਾ ਮਾਣੁ ਕਰੀ ॥੪॥

ਮੌਤ ਇੱਕ ਖੇਲ੍ਹ ਹੈ, ਦੁੱਖ ਵੀ ਇਕ ਖੇਲ੍ਹ ਹੈ। ਮੌਤ ਨਾਲ ਮਰਦਾ ਕੌਣ ਹੈ। ਜੀਵਾਤਮਾ ਤੇ ਮਰਦੀ ਨਹੀਂ। ਗੁਰਬਾਣੀ ਵਿੱਚ ਵੀ ਇਨ੍ਹਾਂ ਵਿਚਾਰਾਂ ਦੀ ਪੁਸ਼ਟੀ ਕੀਤੀ ਗਈ ਹੈ। 'ਆਵਣ-ਜਾਵਣ ਇਕ ਖੇਲ ਰਚਾਇਆ ਤੁਕ ਦੇ ਅਨੁਸਾਰ ਪਰਮਾਤਮਾ ਨੇ ਹੀ ਇਹ ਜਨਮ -ਮਰਨ ਦਾ ਚੱਕਰ ਰਚਾਇਆ ਹੋਇਆ ਹੈ। ਮੌਤ ਦੀ ਆਪਣੀ ਹੋਂਦ ਕੋਈ ਨਹੀਂ ਹੈ, ਇਹ ਮਨੁੱਖ ਦੀ ਮਨੌਤ ਹੈ। ਜਦ ਜੀਵ ਦਾ ਧਰਤੀ ਤੇ ਜਨਮ ਹੁੰਦਾ ਹੈ, ਉਸ ਸਮੇਂ ਹੀ ਪਰਮਾਤਮਾ ਉਸਦੀ ਮੌਤ ਦਾ ਸਮਾਂ ਵੀ ਨਿਸ਼ਚਿਤ ਕਰ ਦਿੰਦਾ ਹੈ। ਸਮਾਂ ਪੂਰਾ ਹੋਣ ਤੇ ਮੌਤ ਦਾ ਫ਼ਰਿਸ਼ਤਾ ਰੂਹ ਨੂੰ ਕੱਢ ਕੇ ਲੈ ਜਾਂਦਾ ਹੈ। ਮੌਤ ਟਲ ਨਹੀਂ ਸਕਦੀ,ਜੀਵ ਨੂੰ ਸਮਝਾਇਆ ਗਿਆ ਹੈ:-

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥

ਆਪਣੇ ਘਰ ਵੱਲ ਹੀ ਨਜ਼ਰ ਮਾਰ ਕੇ ਜੇ ਦੇਖਿਆ ਜਾਵੇ ਤਾਂ ਜਿਨ੍ਹਾਂ ਮਾਤਾ -ਪਿਤਾ ਨੇ ਜਨਮ ਦਿੱਤਾ ਸੀ,ਉਹ ਵੀ ਮਰ ਗਏ। ਸਾਨੂੰ ਅਜੇ ਵੀ ਯਕੀਂਨ ਨਹੀਂ ਆਇਆ ਕਿ ਅਸੀਂ ਵੀ ਇਕ ਦਿਨ ਮਰ ਜਾਣਾ ਹੈ। ਇਸ ਲਈ ਸਮਾਂ ਰਹਿੰਦੇ ਇਹ ਗੱਲ ਸਮਝਣੀ ਹੈ ਕਿ:-

ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥
ਤੈ ਪਾਸਹੁ ਓਇ ਲਦਿ ਗਏ ਤੂੰ ਅਜੇ ਨ ਪਤੀਣੋਹਿ ॥

ਕੋਈ ਜੰਮਦਾ ਹੈ ਤਾਂ ਕੋਈ ਮਰਦਾ ਉ। ਸਭਨਾਂ ਨੂੰ ਆਪਣੀ -ਆਪਣੀ ਫ਼ਿਕਰ ਲੱਗੀ ਹੋਈ ਹੈ। ਫਰੀਦ ਜੀ ਕਹਿੰਦੇ ਹਨ, ਮੈਨੂੰ ਆਪਣੀ ਫ਼ਿਕਰ ਖਾਈ ਜਾਂਦੀ ਹੈ।

ਏਨੀ ਲੋਇਣੀ ਦੇਖਦਿਆ ਕੇਤੀ ਚਲਿ ਗਈ ॥
ਫਰੀਦਾ ਲੋਕਾਂ ਆਪੋ ਆਪਣੀ ਮੈ ਆਪਣੀ ਪਈ ॥੯੪॥

ਮੌਤ ਨੂੰ ਜੀਵਨ ਦਾ ਦਰਵਾਜ਼ਾ ਕਿਹਾ ਗਿਆ ਹੈ। ਜਿਨ੍ਹਾਂ ਨੂੰ ਜੀਵਨ ਦੀ ਜਾਚ ਆ ਆਉਂਦੀ ਹੈ, ਉਨ੍ਹਾਂ ਨੂੰ ਹੀ ਮਰਨ ਦੀ ਜਾਚ ਵੀ ਆਉਂਦੀ ਹੈ। ਗੁਰਮਤਿ ਅਨੁਸਾਰ ਜੀਵ ਅਬਿਨਾਸੀ ਹੈ। ਉਹ ਪਰਮਾਤਮਾ ਦਾ ਅੰਸ਼ ਹੈ। ਜੀਵ ਵਾਹਿਗੁਰੂ ਤੋਂ ਪੈਦਾ ਹੁੰਦਾ ਹੈ ਅਤੇ ਉਸੇ ਵਿੱਚ ਲੀਨ ਹੋਣ ਦੀ ਪ੍ਰਵਿਰਤੀ ਉਸ ਅੰਦਰ ਮੌਜੂਦ ਹੈ।

ਗੁਰਬਾਣੀ ਸਾਨੂੰ ਇਸ ਮੌਤ ਰੂਪੀ ਭਿਆਨਕ ਦੈਂਤ ਤੋਂ ਮੁਕਤ ਹੋਣ ਦਾ ਹੱਲ ਵੀ ਦੱਸਦੀ ਹੈ। ਇਸ ਦਾ ਇਕੋ ਇਕ ਹੱਲ ਹੈ ਪਰਮਾਤਮਾ ਨਾਲ ਲਿਵ। ਜਿਹੜੇ ਪਰਮੇਸ਼ਰ ਦੀ ਸ਼ਰਨ ਵਿੱਚ ਚਲੇ ਜਾਂਦੇ ਹਨ ਉਹ ਮਾਇਆ ਦੇ ਜਾਲ ਵਿੱਚ ਨਹੀਂ ਫਸਦੇ ਅਤੇ ਆਪਣੇ ਮਨ ਨੂੰ ਹਰ ਸਮੇਂ ਕਾਬੂ ਵਿੱਚ ਰੱਖਦੇ ਹਨ। ਅਜਿਹੇ ਜੀਵਾਂ ਉਪਰ ਓਸ ਅਕਾਲਪੁਰਖ ਦੀ ਮਿਹਰ ਹੋ ਜਾਂਦੀ ਹੈ ਅਤੇ ਉਨ੍ਹਾਂ ਦਾ ਜਨਮ ਮਰਨ ਮੁੱਕ ਜਾਂਦਾ ਹੈ:

ਸਾਚੀ ਪੂੰਜੀ ਸਚੁ ਸੰਜਮੋ ਆਠ ਪਹਰ ਗੁਣ ਗਾਉ ॥
ਕਰਿ ਕਿਰਪਾ ਪ੍ਰਭੁ ਭੇਟਿਆ ਮਰਣੁ ਨ ਆਵਣੁ ਜਾਉ ॥

ਗੁਰਬਾਣੀ ਵਿੱਚ ਜੀਵ ਦੀ ਜ਼ਿੰਦਗੀ ਨੂੰ ਚਾਰ ਪਹਿਰਾਂ ਵਿਚ ਵੰਡਿਆ ਗਿਆ ਹੈ। ਗੁਰਬਾਣੀ ਵਿੱਚ ਜੀਵ ਰੂਪੀ ਵਣਜਾਰੇ ਨੂੰ ਆਗਾਹ ਕਰਵਾਇਆ ਗਿਆ ਹੈ ਕਿ ਜ਼ਿੰਦਗੀ ਦਾ ਚੌਥਾ ਪਹਿਰ ਭਾਵ ਮੌਤ ਉਸਦੇ ਨਜ਼ਦੀਕ ਆ ਗਈ ਹੈ।

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਦਿਨੁ ਨੇੜੈ ਆਇਆ ਸੋਇ ॥
ਗੁਰਮੁਖਿ ਨਾਮੁ ਸਮਾਲਿ ਤੂੰ ਵਣਜਾਰਿਆ ਮਿਤ੍ਰਾ ਤੇਰਾ ਦਰਗਾਹ ਬੇਲੀ ਹੋਇ ॥

ਮੌਤ ਤੋਂ ਬਾਅਦ ਮੁਕਤ ਅਵਸਥਾ ਕੈਸੀ ਹੋਵੇਗੀ,ਇਸਦਾ ਕਿਸੇ ਵਿਰਲੇ ਨੂੰ ਗਿਆਨ ਹੈ ਪਰ ਜੀਊਂਦਿਆਂ ਜੀ ਹਰਖ ਸੋਗ,ਰਾਗ ਦੇਵੋਖ ਤੇ ਮਾਨ -ਅਪਮਾਨ ਦੇ ਮਾੜੇ ਅਸਰਾਂ ਤੋਂ ਖਲਾਸੀ ਪਾ ਕੇ ਜ਼ਿੰਦਗੀ ਬਸਰ ਕਰਨੀ ਇਕ ਵੱਡੀ ਪ੍ਰਾਪਤੀ ਹੈ।

ਗੁਰੂ ਨਾਨਕ ਦੇਵ ਜੀ ਦੀ ਅੰਮ੍ਰਿਤ ਬਾਣੀ ਦੀ ਹਰ ਸਤਰ ਅਧਿਆਤਮਕ ਜੀਵਨ ਦਾ ਅਬਚਲੀ ਚਸ਼ਮਾ ਹੈ, ਜਿਸ ਤੋਂ ਕੋਈ ਵੀ ਧਾਰਮਿਕ ਰੁਚੀ ਪੂਰਨ ਤ੍ਰਿਪਤੀ ਕੀਤੇ ਬਗੈਰ ਨਹੀਂ ਮੁੜ ਸਕਦੀ। ਆਪ ਜੀ ਦੀ ਬਾਣੀ ਜਿੱਥੇ ਵਿਸ਼ੇ -ਵਸਤੂ ਦੇ ਪੱਖੋਂ ਬੜੀ ਉੱਚ ਕੋਟੀ ਦੀ ਰਚਨਾ ਹੈ, ਉਥੇ ਉਹ ਵੰਨਗੀ ਪੱਖੋਂ ਵੀ ਸੂਹਜ ਅਤੇ ਉੱਤਮ ਸਾਹਿਤਿਕ ਗੁਣਾਂ ਦਾ ਵੀ ਅਮੀਰ ਖਜ਼ਾਨਾ ਮੰਨੀ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਸੱਚ ਨੂੰ ਉੱਤਮ ਮੰਨਿਆ ਹੈ ਪਰੰਤੂ ਸਭ ਤੋਂ ਉੱਤਮ ਸੱਚ ਬੋਲਣ ਵਾਲਾ ਹੈ। ਜੋ ਉਪਜਿਆ ਹੈ ਉਹ ਇਕ ਨਾ ਇਕ ਦਿਨ ਬਿਨਸ ਹੀ ਜਾਣਾ ਹੈ। ਇਹ ਪ੍ਰਕਿਰਤੀ ਦਾ ਨਿਯਮ ਹੈ, ਮੌਤ

ਸਭ ਨੂੰ ਆਉਣੀ ਹੈ। ਉਹਨਾਂ ਜੀਵਾਂ ਦਾ ਹੀ ਇਸ ਸੰਸਾਰ ਵਿੱਚ ਆਉਣਾ ਸਫਲ ਹੋਇਆ ਹੈ ਜਿਨ੍ਹਾਂ ਨੇ ਇਕ ਮਨ ਇਕ ਚਿੱਤ ਹੋ ਕੇ ਹਰੀ ਦੇ ਨਾਮ ਦਾ ਸਿਮਰਨ ਕੀਤਾ ਹੈ ਅਤੇ ਹਰ ਸਮੇਂ ਪ੍ਰਮਾਤਮਾ ਨੂੰ ਯਾਦ ਰੱਖਿਆ ਹੈ:

ਆਇਆ ਤਿਨ ਕਾ ਸਫਲੁ ਭਇਆ ਹੈ ਇਕ ਮਨਿ ਜਿਨੀ ਧਿਆਇਆ ॥

ਗੁਰੂ ਸਾਹਿਬ ਆਖਦੇ ਹਨ ਕਿ ਮਰਨ ਨੂੰ ਬੁਰਾ ਨਹੀਂ ਕਹਿਣਾ ਚਾਹੀਦਾ। ਮਰਨਾ ਉਸ ਪ੍ਰਾਣੀ ਲਈ ਚੰਗਾ ਹੈ ਜਿਸਨੂੰ ਕਿ ਮਰਨ ਦੀ ਜਾਚ ਆ ਜਾਵੇ। ਮਰਨ ਦੀ ਜਾਚ ਵਿੱਚ ਆਪਣੇ ਮਨ ਨੂੰ ਮਾਰਨਾ ਪੈਂਦਾ ਹੈ। ਜੋ ਪ੍ਰਾਣੀ ਅਜਿਹਾ ਕਰ ਲੈਂਦੇ ਹਨ ਉਹ ਪਰਮਾਤਮਾ ਦੀ ਦਰਗਾਹ ਵਿੱਚ ਜੱਸ ਪ੍ਰਾਪਤ ਕਰਦੇ ਹਨ:

ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ ॥
ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ ॥
ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ ॥

ਗੁਰੂ ਨਾਨਕ ਦੇਵ ਜੀ ਸੱਚੇ ਮਰਨ ਬਾਰੇ ਦਸਦੇ ਹੋਏ ਕਹਿੰਦੇ ਹਨ ਕਿ ਮਰਨਾ ਤਾਂ ਸੂਰਮਿਆਂ ਜੋਧਿਆਂ ਦਾ ਹੀ ਸੱਚਾ ਹੈ ਜਿਹੜਾ ਕਿ ਪ੍ਰਮਾਤਮਾ ਦੀ ਦਰਗਾਹ ਵਿੱਚ ਮਨਜ਼ੂਰ ਹੋਵੇ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਅਸਲ ਮਰਨ ਤਾਂ ਮਨ ਨੂੰ ਮਾਰਨ ਵਾਲੇ ਬਹਾਦਰਾਂ ਦਾ ਹੀ ਹੁੰਦਾ ਹੈ, ਕਿਉਂ ਜੋ ਉਨ੍ਹਾਂ ਦਾ ਮਰਨਾ ਹੀ ਦਰਗਾਹ ਵਿੱਚ ਕਬੂਲ ਹੈ। ਸੂਰਮੇ ਤੇ ਜੋਧੇ ਕੌਣ ਹਨ?ਇਸਦਾ ਉੱਤਰ ਦਿੰਦੇ ਹੋਏ ਦੱਸਦੇ ਹਨ ਕਿ ਸੂਰੇ ਓਹੀ ਹਨ ਜਿਹੜੇ ਅਗਲੇ ਜਹਾਨ ਜਾ ਕੇ ਪ੍ਰਭੂ ਦੀ ਦਰਗਾਹ ਵਿੱਚ ਮਾਣ ਸਤਿਕਾਰ ਪ੍ਰਾਪਤ ਕਰਦੇ ਹਨ ਅਤੇ ਫਿਰ ਉਹ ਦੁਖ,ਦਰਦ,ਦਰਿਦਰ ਤੋਂ ਮੁਕਤ ਹੋ ਜਾਂਦੇ ਹਨ:

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥
ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖੁ ਨ ਲਾਗੈ॥

ਇਹ ਸੰਸਾਰ ਆਵਾਗਵਣ ਦਾ ਚੱਕਰ ਹੈ। ਇਥੇ ਸਿਰਫ ਉਸ ਕਰਣਹਾਰ ਪ੍ਰਭੂ ਦਾ ਨਾਮ ਹੀ ਥਿਰੁ ਹੈ। ਜਦੋਂ ਉਸ ਸੱਚੇ ਕਰਤਾਰ ਦਾ ਹੁਕਮ ਆ ਗਿਆ ਭਾਵੇਂ ਉਹ ਇਸਤਰੀ ਹੈ ਜਾਂ ਪੁਰਸ਼,ਉਸਦਾ ਵਿਛੋੜਾ ਹੋ ਹੀ ਜਾਣਾ ਹੈ। ਮੌਤ ਕਿਸੇ ਦਾ ਰੰਗ, ਰੂਪ ਜਾਂ ਸੁੰਦਰਤਾ ਨਹੀਂ ਵੇਖਦੀ ਨਾਂ ਹੀ ਉਹ ਕਿਸੇ ਬੱਚੇ ਜਾਂ ਬੁੱਢੇ ਦਾ ਲਿਹਾਜ਼ ਕਰਦੀ ਹੈ। ਉਹ ਤਾਂ ਆਪ ਹੀ ਪਰਮੇਸ਼ੁਰ ਦੇ ਹੁਕਮ ਵਿੱਚ ਬੱਝੀ ਹੁੰਦੀ ਹੈ। ਗੁਰੂ ਸਾਹਿਬ ਆਪਣੀ ਬਾਣੀ ਵਿੱਚ ਦੱਸਦੇ ਹਨ:

ਸਦੜੇ ਆਏ ਤਿਨਾ ਜਾਨੀਆ ਹੁਕਮਿ ਸਚੇ ਕਰਤਾਰੋ ॥
ਨਾਰੀ ਪੁਰਖ ਵਿਛੁੰਨਿਆ ਵਿਛੁੜਿਆ ਮੇਲਣਹਾਰੋ ॥
ਰੂਪੁ ਨ ਜਾਣੈ ਸੋਹਣੀਐ ਹੁਕਮਿ ਬਧੀ ਸਿਰਿ ਕਾਰੋ ॥
ਬਾਲਕ ਬਿਰਧਿ ਨ ਜਾਣਨੀ ਤੋੜਨਿ ਹੇਤੁ ਪਿਆਰੋ ॥੪॥

ਇਹ ਜਗ ਤਾਂ ਝੂਠਾ ਹੈ। ਗੁਰੂ ਜੀ ਕਹਿੰਦੇ ਹਨ ਕਿ ਭਾਈ ਕਿਸਨੂੰ ਰੋ ਰਹੇ ਹੋ,ਇਹ ਸੰਸਾਰ ਤਾਂ ਬਾਜ਼ੀਗਰ ਦੇ ਖੇਲ ਦੀ ਤਰ੍ਹਾਂ ਹੈ। ਇਹ ਤਾਂ ਇਕ ਖੇਡ ਹੈ:

ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ ॥

ਪਰਮੇਸ਼ਰ ਦੇ ਘਰ ਵਿੱਚ ਝੂਠ ਅਤੇ ਲੋਭ ਨੂੰ ਕੋਈ ਥਾਂ ਨਹੀਂ ਮਿਲਦੀ। ਇਹ ਜਨਮ -ਮਰਨ ਦਾ ਵਿਛੋੜਾ ਬਹੁਤ ਭਾਰੀ ਹੈ। ਸਾਰਾ ਜਗਤ ਹੀ ਬਿਨਸਣਹਾਰ ਹੈ। ਲਿਖਤਕਾਰ ਕਦੀ ਵੀ ਮਿਟਦੀ ਨਹੀਂ। ਜਦੋਂ ਪ੍ਰਭੂ ਪ੍ਰਮਾਤਮਾ ਦੇ ਦਰ ਤੋਂ ਸੱਦਾ ਆ ਜਾਂਦਾ ਹੈ ਤਾਂ ਜੀਵ ਨੂੰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿਣਾ ਪੈਂਦਾ ਹੈ। ਇਸ ਜਗਤ ਦਾ ਸਿਰਜਣਹਾਰਾ ਤੇ ਸਮੇਟਣਹਾਰਾ ਉਹ ਪ੍ਰਭੂ ਆਪ ਹੈ। ਜੀਵ ਪੂਰਬਲੇ ਕਰਮਾਂ ਕਰਕੇ ਹੀ ਜਨਮਦਾ ਮਰਦਾ ਹੈ। ਸੰਸਾਰ ਲਈ ਰੋਣਾ ਨਿਸਫਲ ਤੇ ਕੇਵਲ ਵਿਖਾਵਾ ਹੈ। ਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਦੇ ਵਿਯੋਗ ਵਿੱਚ ਰੋਵੋ ਜੋ ਕਿ ਸੱਚ ਹੈ।

ਹਾਕਾਰਾ ਆਇਆ ਜਾ ਤਿਸੁ ਭਾਇਆ ਰੁੰਨੇ ਰੋਵਣਹਾਰੇ ॥
ਪੁਤ ਭਾਈ ਭਾਤੀਜੇ ਰੋਵਹਿ ਪ੍ਰੀਤਮ ਅਤਿ ਪਿਆਰੇ ॥
ਭੈ ਰੋਵੈ ਗੁਣ ਸਾਰਿ ਸਮਾਲੇ ਕੋ ਮਰੈ ਨਾ ਮੁਇਆ ਨਾਲੇ ॥
ਨਾਨਕ ਜੁਗਿ ਜੁਗਿ ਜਾਣ ਸਿਜਾਣਾ ਰੋਵਹਿ ਸਚੁ ਸਮਾਲੇ ॥

ਪ੍ਰਮਾਤਮਾ ਵੱਡਾ ਸਮਰਥ ਹੈ। ਉਹ ਪਾਪੀਆਂ ਨੂੰ ਪਾਪਾਂ ਤੋਂ ਮੁਕਤ ਕਰਨ ਵਾਲਾ ਅਤੇ ਅਨਾਥਾਂ ਦਾ ਨਾਥ ਹੈ। ਪ੍ਰਮਾਤਮਾ ਹਰ ਇਕ ਦੇ ਹਿਰਦੇ ਵਿੱਚ ਵੱਸਦਾ ਹੈ। ਪ੍ਰਮਾਤਮਾ ਹੀ ਸਾਰੇ ਸੁੱਖਾਂ ਦਾ ਕਰਤਾ ਹੈ। ਇਥੇ ਕੋਈ ਵੀ ਹਮੇਸ਼ਾ ਹਮੇਸ਼ਾ ਲਈ ਨਹੀਂ ਰਹਿ ਸਕਿਆ ਭਾਵੇਂ ਉਹ ਕਿੱਡਾ ਵੱਡਾ ਮਹਾਂਬਲੀ ਹੀ ਕਿਉਂ ਨਾ ਹੋਵੇ? ਮਰਯਾਦਾ ਪਰਸ਼ੋਤਮ ਭਗਵਾਨ ਰਾਮ ਚੰਦਰ ਜੀ ਵਰਗੇ , ਰਾਵਣ ਵਰਗੇ ਮਹਾਂਬਲੀ ਯੋਧੇ ਜਿੰਨਾ ਦਾ ਪਰਿਵਾਰ ਬਹੁਤ ਵੱਡਾ ਸੀ, ਉਹ ਵੀ ਇਸ ਫਾਨੀ ਸੰਸਾਰ ਤੇ ਨਹੀਂ ਰਹਿ ਸਕੇ ਅਤੇ ਇਥੋਂ ਕੂਚ ਕਰ ਗਏ। ਇਸ ਸੰਸਾਰ ਤੇ ਸਦਾ ਵਾਸਤੇ ਕੁਝ ਵੀ ਥਿਰ ਰਹਿਣ ਵਾਲਾ ਨਹੀਂ ਹੈ, ਸਿਵਾਏ ਪਰਮੇਸ਼ਰ ਦੇ ਨਾਮ ਤੋਂ:-

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥

ਇਹ ਤਾਂ ਵਿਧੀ ਦਾ ਵਿਧਾਨ ਹੈ ਜੋ ਪੈਦਾ ਹੋਇਆ ਹੈ ਉਸਨੇ ਅੱਜ ਜਾਂ ਕੱਲ ਜ਼ਰੂਰ ਹੀ ਨਾਸ਼ ਹੋ ਜਾਣਾ ਹੈ। ਇਹੋ ਹੁਕਮ ਹੈ। ਜਦੋਂ ਮੌਤ ਹੁੰਦੀ ਹੈ ਤਾਂ ਸਾਰਾ ਮਾਇਆ ਦਾ ਜੰਜਾਲ ਤਾਣਾ ਬਾਣਾ ਵੀ ਮਰਨ ਵਾਲੇ ਲਈ ਨਾਸ਼ ਹੋ ਜਾਂਦਾ ਹੈ।

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥੫੨॥

ਇਹ ਕੋਈ ਅਣਹੋਣੀ ਗੱਲ ਨਹੀਂ,ਇਹ ਤਾਂ ਸਭ ਨਾਲ ਵਾਪਰੀ ਹੈ ਅਤੇ ਵਾਪਰਦੀ ਰਹੇਗੀ। ਮੌਤ ਦੇ ਸਮੇਂ ਕੋਈ ਵੀ ਦੋਸਤ ਮਿੱਤਰ ਸਹਾਈ ਨਹੀਂ ਹੁੰਦਾ ਸਿਵਾਏ ਪਰਮੇਸ਼ਰ ਦੇ। ਇਹ ਤਾਂ ਹਰ ਇਕ ਜੀਵ ਨੂੰ ਆਪ ਹੀ ਝੱਲਣੀ ਪੈਂਦੀ ਹੈ। ਗੁਰੂ ਸਾਹਿਬ ਵੀ ਇਸਦੀ ਪੁਸ਼ਟੀ ਇਉਂ ਕਰਦੇ ਹਨ:-

ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥
ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥੫੫॥

ਹਰ ਜਨਮ ਮਗਰੋਂ ਭੈਦਾਇਕ ਮੌਤ ਹੈ,ਹਰ ਮੌਤ ਮਗਰੋਂ ਮੰਦੇ ਕਰਮਾਂ ਦੀ ਸਜ਼ਾ ਹੈ। ਕਬੀਰ ਜੀ ਨੇ ਕਿੰਨੇ ਵਧੀਆ ਸ਼ਬਦਾਂ ਵਿਚ ਉਦਾਹਰਣ ਦੇ ਕੇ ਜੀਵ ਨੂੰ ਸਮਝਾਇਆ ਹੈ ਕਿ ਜਿਸ ਤਰ੍ਹਾਂ ਵਿਆਹੀ ਹੋਈ ਇਕ ਇਸਤਰੀ ਆਪਣੇ ਪੇਕੇ ਘਰ ਕੁੱਝ ਦਿਨ ਰਹਿ ਕੇ ਅਖ਼ੀਰ ਵਾਪਸ ਆਪਣੇ ਸਹੁਰੇ ਘਰ ਚਲੀ ਜਾਂਦੀ ਹੈ,ਇਸੇ ਤਰ੍ਹਾਂ ਹੀ ਜੀਵ ਨੇ ਵੀ ਇਸ ਫਾਨੀ ਸੰਸਾਰ ਨੂੰ ਛੱਡ ਕੇ ਪ੍ਰਲੋਕ ਵਿੱਚ ਜਾ ਕੇ ਵਾਸਾ ਕਰਨਾ ਹੈ। ਪਰ ਮੂਰਖ ਜੀਵ ਇਸ ਨੂੰ ਸਮਝ ਨਹੀਂ ਰਿਹਾ:

ਪੇਕਵੜੈ ਦਿਨ ਚਾਰਿ ਹੈ ਸਾਹੁਰੜੈ ਜਾਣਾ॥
ਅੰਧਾ ਲੋਕ ਨਾ ਜਾਨਈ ਮੂਰਖ ਏਆਣਾ॥੧॥

ਪ੍ਰਮਾਤਮਾ ਦੇ ਦਰ ਉੱਤੇ ਹਰ ਇਕ ਦੇ ਅਮਲਾਂ ਦੇ ਨਿਬੇੜੇ ਹੋਣਗੇ। ਮਰਨ ਤੋਂ ਹਰ ਕੋਈ ਡਰਦਾ ਹੈ,ਪਰ ਕਬੀਰ ਜੀ ਆਪਣੀ ਬਾਣੀ ਜ਼ਰੀਏ ਜੀਵ ਨੂੰ ਅਜਿਹੀ ਮੌਤ ਮਰਨ ਨੂੰ ਕਹਿੰਦੇ ਹਨ,ਜਿਸ ਨਾਲ ਕਿ ਪੂਰਾ ਆਨੰਦ ਪ੍ਰਾਪਤ ਹੋਵੇ:-

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥੨੨॥

ਪ੍ਰਭੂ ਨੂੰ ਆਪਣੇ ਭਗਤ ਪਿਆਰੇ ਹੁੰਦੇ ਹਨ। ਮੌਤ ਤਾਂ ਅਟੱਲ ਹੈ। ਇਹ ਸਭ ਨੂੰ ਆਉਣੀ ਹੈ, ਇਸਨੂੰ ਕੋਈ ਵੀ ਟਾਲ ਨਹੀਂ ਸਕਦਾ। ਇਸਦਾ ਪਤਾ ਤਾਂ ਸਿਰਫ਼ ਉਸ ਪਰਮਾਤਮਾ ਰੂਪੀ ਬਾਜੀਗਰ ਨੂੰ ਹੈ, ਜਿਸ ਨੇ ਇਹ ਸਾਰਾ ਖੇਲ ਰਚਾਇਆ ਹੋਇਆ ਹੈ। ਜਦੋਂ ਇਹ ਮੌਤ ਨਿਸ਼ਚਿਤ ਹੈ ਤਾਂ ਫਿਰ ਇਸ ਲਈ ਰੋਣਾ ਕੁਰਲਾਉਣਾ ਫਜ਼ੂਲ ਹੈ। ਗੁਰੂ ਸਾਹਿਬ ਨੇ ਵੀ ਸਭ ਨੂੰ ਇਹੀ ਹਦਾਇਤ ਕੀਤੀ ਹੈ ਕਿ ਸਾਡੇ ਪਰਮਾਤਮੀ ਜੋਤਿ ਨਾਲ ਇਕਮਿਕ ਹੋਣ ਤੇ ਕਿਸੇ ਨੇ ਸ਼ੋਕ ਨਹੀਂ ਮਨਾਉਣਾ ਅਰਥਾਤ ਰੋਣਾ ਨਹੀਂ ਹੈ। ਇਹ ਪਰਮਾਤਮਾ ਨੂੰ ਚੰਗਾ ਨਹੀਂ ਲੱਗੇਗਾ:

ਸਤਿਗੁਰਿ ਭਾਣੈ ਆਪਣੈ, ਬਹਿ ਪਰਵਾਰੁ ਸਦਾਇਆ॥
ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ॥

ਗੁਰੂ ਸਾਹਿਬਾਨ ਨੇ ਕਿਹਾ ਹੈ ਕਿ ਅਰਥੀਆਂ ਸਜਾਉਣੀਆਂ, ਦੀਵੇ ਜਗਾਉਣਾ, ਪਿੰਡ ਭਰਾਉਣੇ, ਆਤਮਾ ਦੀ ਗਤੀ ਲਈ ਕਰਮ-ਕਿਰਿਆ ਆਦਿ ਸਭ ਵਿਅਰਥ ਹਨ। ਗੁਰੂ ਜੀ ਨੇ ਮਨੁੱਖ ਨੂੰ ਉਹੋ ਹੀ ਕਰਨ ਨੂੰ ਕਿਹਾ ਹੈ ਜੋ ਕਿ ਪਰਮੇਸ਼ਰ ਦੇ ਮਨ ਨੂੰ ਭਾਵੇ। ਗੁਰੂ ਸਾਹਿਬ ਨੇ ਸਪੱਸ਼ਟ ਸ਼ਬਦਾਂ ਵਿੱਚ ਆਖਿਆ ਹੈ ਕਿ ਪ੍ਰਲੋਕ ਗਮਨ ਪਿਛੋਂ ਕੀਰਤਨ ਅਤੇ ਹਰੀ ਨਾਮ ਦੀ ਕਥਾ ਕਰਨੀ ਚਾਹੀਦੀ ਹੈ, ਸਤਿਸੰਗਤ ਕਰਨੀ ਚਾਹੀਦੀ ਹੈ, ਇਹੋ ਹੀ ਸਭ ਕੁਝ ਪਰਮਾਤਮਾ ਨੂੰ ਚੰਗਾ ਲਗਦਾ ਹੈ:

ਅੰਤੇ ਸਤਿਗੁਰ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥
ਕੇਸੋ ਗੋਪਾਲ ਪੰਡਿਤ ਸਦਿ ਅਹ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ ॥
ਹਰਿ ਕਥਾ ਪੜੀਐ ਹਰਿਨਾਮੁ ਸੁਣੀਐ ਬੇਬਾਣੁ ਹਰਿ ਰੰਗੁ ਗੁਰ ਭਾਵਏ॥
ਪਿੰਡੁ, ਪਤਲਿ, ਕਿਰਿਆ ਦੀਵਾ, ਫੁਲ ਹਰਿ ਸਰਿ ਪਾਵਏ ॥
ਹਰਿ ਭਾਇਆ ਸਤਿਗੁਰੁ ਬੋਲਿਆ ਹਰਿ ਮਿਲਿਆ ਪੁਰਖੁ ਸੁਜਾਣੁ ਜੀਉ ॥

ਗੁਰੂ ਸਾਹਿਬਾਨ ਨੇ ਮੌਤ ਵਰਗੇ ਦੁਖਦਾਇਕ ਸੰਕਲਪ ਨੂੰ ਪ੍ਰਭੂ ਹੁਕਮ-ਭਾਣਾ ਸਵੀਕਾਰ ਕਰਨ ਲਈ ਸਿੱਖ ਸੰਗਤਾਂ ਤਾਈਂ ਉਪਦੇਸ਼ ਕੀਤਾ ਹੈ। ਸਾਰੀ ਸ੍ਰਿਸ਼ਟੀ ਵੀ ਕਾਲ ਦੇ ਅਧੀਨ ਹੈ। ਇੱਥੇ ਕਿਸੇ ਨੇ ਸਦਾ ਲਈ ਨਹੀਂ ਬੈਠੇ ਰਹਿਣਾ। ਮਰਦਾ ਤਾਂ ਹਰ ਕੋਈ ਹੈ ਪਰ ਸਾਨੂੰ ਅਜਿਹੀ ਮੌਤ ਮਰਨਾ ਚਾਹੀਦਾ ਹੈ ਜਿਸ ਨਾਲ ਕਿ ਸਾਨੂੰ ਪਰਮਆਨੰਦ ਦੀ ਅਨੁਭੂਤੀ ਹੋਵੇ। ਇਕ ਮਨਮੁੱਖਾਂ ਦਾ ਮਰਨਾ ਹੈ ਅਤੇ ਦੂਸਰਾ ਗੁਰਮੁਖਾਂ ਦਾ। ਜਿਹੜੇ ਗੁਰੂ ਦੀ ਰਜਾ ਵਿੱਚ ਰਹਿੰਦੇ ਹਨ ਉਹ ਗੁਰਮੁਖ ਹਨ, ਜਿਹੜੇ ਗੁਰੂ ਤੋਂ ਬੇਮੁੱਖ ਹੋ ਜਾਂਦੇ ਹਨ ਉਹ ਮਨਮੁੱਖ ਹਨ। ਗੁਰੂ ਸਾਹਿਬਾਨ ਦਾ ਫੁਰਮਾਨ ਹੈ ਕਿ ਮਰਨ ਉਪਰੰਤ ਸਿਰਫ ਹਰੀ ਦਾ ਕੀਰਤਨ ਹੀ ਕਰਨਾ ਚਾਹੀਦਾ ਹੈ। ਹੁੰਦਾ ਉਹੀ ਹੈ ਜੋ ਪਰਮਾਤਮਾ ਨੂੰ ਮਨਜ਼ੂਰ ਹੁੰਦਾ ਹੈ। ਹਰੀ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਵਾਲਿਆਂ ਨੂੰ ਪਰਮਾਤਮਾ ਦੇ ਦਰ ਤੇ ਨਮੋਸ਼ੀ ਨਹੀਂ ਝੱਲਣੀ ਪੈਂਦੀ।

**ਹਵਾਲੇ ਅਤੇ ਟਿੱਪਣੀਆਂ ਧੰਨਵਾਦ ਸਹਿਤ ਸਾਭਾਰ:**

1-ਡਾਕਟਰ ਜਗਮਿੰਦਰ ਕੌਰ-ਧਰਮ ਗ੍ਰੰਥਾਂ ਵਿੱਚ ਮੌਤ ਦਾ ਸੰਕਲਪ ,ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ 2015
2-ਮੌਤ ਕੀ ਹੈ? ਗਿਆਨੀ ਹਰਿਬੰਸ ਸਿੰਘ, ਗੁਰਬਾਣੀ ਸੇਵਾ ਪ੍ਰਕਾਸ਼ਨ, ਪਟਿਆਲਾ

........................................................

# ਪ੍ਰੇਮ ਦਾ ਪਾਤਰ : ਪਦਮ ਸ੍ਰੀ ਸੁਰਜੀਤ ਪਾਤਰ ਅਤੇ ਨਾਮਧਾਰੀ-ਸਿੱਖ ਸਮਾਜ



**ਹਰਪਾਲ ਸਿੰਘ ਸੇਵਕ**
**9414601321**

ਪ੍ਰੇਮ ਦਾ ਪਾਤਰ, ਉਹ ਸੁੱਚਾ ਪਾਤਰ (ਬਰਤਨ) ਜਿਸ ਵਿੱਚ ਪ੍ਰੇਮ- ਅੰਮ੍ਰਿਤ ਸਮਾ ਸੱਕੇ।

ਦਸਮ ਪਾਤਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਜੀ 'ਜਾਪੁ' ਬਾਣੀ ਵਿੱਚ ਪਰਮੇਸ਼ਰ ਦੀ ਉਸਤਤ ਕਰਦਿਆਂ ਉਚਾਰਨ ਕਰਦੇ ਹਨ-

**'ਜੱਤ੍ਰ ਤੱਤ੍ਰ ਦਿਸਾ ਵਿਸਾ ਹੋਇ ਫੈਲਿਓ ਅਨੁਰਾਗ॥'**

ਭਾਵ ਕਿ ਸਰਬ ਵਿਆਪੀ ਪਰਮਾਤਮਾ ਸਭ ਦਿਸ਼ਾਵਾਂ ਵਿੱਚ, ਸਮੁੱਚੀ ਕਾਇਨਾਤ ਵਿੱਚ 'ਪ੍ਰੇਮ-ਰੂਪ' ਹੋ ਕੇ ਪਸਰਿਆ ਹੋਇਆ ਹੈ। 'ਰਾਗ' ਦਾ ਅਰਥ ਵੀ 'ਪ੍ਰੇਮ' ਹੈ। ਦੋ ਸ਼ਬਦ ਹਨ : ਰਾਗ ਅਤੇ ਦਵੈਸ਼, ਪ੍ਰੇਮ ਅਤੇ ਨਫਰਤ। ਜਾਪੁ ਸਾਹਿਬ ਵਿੱਚ ਹੀ ਗੁਰੂ ਸਾਹਿਬ ਅਕਾਲ ਪੁਰਖ ਦੇ ਰਾਗ-ਰੂਪ ਨੂੰ ਨਮਨ ਕਰਦੇ ਹਨ- **'ਨਮੋ ਰਾਗ ਰੂਪੇ॥'** ਪ੍ਰੇਮ ਹੀ ਪ੍ਰਮੇਸ਼ਰ ਹੈ, ਇਸੇ ਲਈ ਉਸ ਪਰਮੇਸ਼ਰ ਨੂੰ ਮਿਲਣ ਦਾ ਮਾਧਿਅਮ ਵੀ ਪ੍ਰੇਮਾਂ-ਭਗਤੀ ਹੀ ਹੈ-

**'ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ॥'**

ਅਤੇ ਪਰਮੇਸ਼ਰ ਦਾ ਹੁਕਮ ਬੁੱਝਣ ਦਾ ਸ੍ਰੋਤ ਹੈ 'ਰਾਗ ਨਾਦ'।

**'ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ॥**
**ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ॥'**

'ਰਾਗ ਅਤੇ ਪ੍ਰੇਮ', 'ਸਤਿ-ਸਰੂਪ' ਪਰਮੇਸ਼ਰ ਪ੍ਰਾਪਤੀ ਦੇ ਮੁੱਖ ਸਰੋਤ ਹਨ। ਦਵੈਸ਼ ਤੋੜਦੀ ਹੈ, ਪ੍ਰੇਮ ਜੋੜਦਾ ਹੈ। 'ਯੋਗ' ਦਾ ਅਰਥ ਵੀ ਜੁੜਨਾ ਹੈ। ਪ੍ਰੇਮ ਦੀ, ਰਾਗ ਦੀ ਸਿਖਰ ਹੈ ਵੈਰਾਗ ਅਤੇ ਯੋਗ ਦੀ ਸਿਖਰ ਹੈ ਵਿਯੋਗ। ਪ੍ਰੇਮ ਦੇ ਸਿੱਕੇ ਦੇ ਦੋ ਪਾਸੇ ਹਨ- 'ਵਸਲ ਅਤੇ ਵਿਯੋਗ'। ਪ੍ਰੇਮ ਦੀ ਸੰਪੂਰਨਤਾ ਵੈਰਾਗ ਨਾਲ, ਬਿਰਹਾ ਨਾਲ ਹੀ ਹੁੰਦੀ ਹੈ। ਵੈਰਾਗ ਵਿਅਕਤੀ ਨੂੰ ਵਿਰਕਤ ਕਰ ਦੇਂਦਾ ਹੈ, ਹਿਰਦਾ ਨਿਰਮਲ ਹੋ ਜਾਂਦਾ ਹੈ-ਮੋਹ ਮਾਇਆ ਤੋਂ ਨਿਰਲੇਪ। ਬਿਰਹਾ ਪ੍ਰੇਮ ਦਾ ਬ੍ਰਹਿਮੰਡੀ ਵਿਸਥਾਰ ਹੈ। ਪ੍ਰੇਮ ਅਤੇ ਬਿਰਹਾ ਦਾ ਸੰਜੋਗ ਹੀ ਦੋ ਤੋਂ ਇੱਕ ਕਰਦਾ ਹੈ, ਆਤਮਾ ਦਾ ਪਰਮਾਤਮਾ ਨਾਲ ਮੇਲ ਹੋ ਜਾਂਦਾ ਹੈ। ਇਸੇ ਲਈ ਬਿਰਹਾ ਨੂੰ 'ਸੁਲਤਾਨ' ਲਿਖਿਆ ਹੈ-

**'ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥**
**ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥'**

ਪ੍ਰੇਮ ਸੁਹਜ, ਸੁਨਿਮਰ, ਨਿਰਮਲ ਅਤੇ ਸ਼ਾਂਤ ਹੁੰਦਾ ਹੈ। ਪ੍ਰੇਮ ਸਤਿ-ਸਰੂਪ ਹੈ, ਸੁੰਦਰ ਹੈ ਅਤੇ ਸਦੀਵੀ ਹੈ। ਸਤਯਮ, ਸ਼ਿਵਮ ਸੁੰਦਰਮ ਦਾ ਪ੍ਰਤੀਕ ਹੈ ਪ੍ਰੇਮ। ਪ੍ਰੇਮ ਵਿੱਚੋਂ ਹੀ ਕਵਿਤਾ ਦਾ ਜਨਮ ਹੁੰਦਾ ਹੈ। ਇਸੇ ਲਈ ਪ੍ਰੇਮ ਦੀ ਕਵਿਤਾ ਵਿੱਚ ਵਸਲ ਦਾ ਅਨੰਦ ਅਤੇ ਬਿਰਹਾ ਦੀ ਤੜਫਨ ਹੁੰਦੀ ਹੈ, ਜਿਵੇਂ ਵਰਖਾ ਨਾਲ ਨਿਰਮਲ ਅਕਾਸ਼ ਵਿੱਚ ਪਾਣੀ ਦੇ ਕਣਾਂ ਤੇ ਸੂਰਜੀ ਕਿਰਨਾਂ ਦੇ ਮਿਲਾਪ ਨਾਲ ਸਤਰੰਗੀ ਪੀਂਘ (ਰੇਨਬੋ) ਪਰਗਟ ਹੁੰਦੀ ਹੈ। ਇਸੇ ਤਰ੍ਹਾਂ ਪ੍ਰੇਮ ਤੋਂ ਪੈਦਾ ਹੋਈ ਕਵਿਤਾ ਵਿੱਚ ਵਸਲ ਅਤੇ ਵੈਰਾਗ ਦੇ ਸੁਮੇਲ ਨਾਲ ਕਾਵਿਕ ਰਸ ਰੂਪਮਾਨ ਹੁੰਦੇ ਹਨ। ਪ੍ਰੇਮ ਰਸ, ਵੈਰਾਗ ਰਸ, ਸ਼ਿੰਗਾਰ ਰਸ, ਬੀਰ ਰਸ ਆਦਿ। ਇਹ ਕਾਵਿਕ ਰਸ ਸੁੱਚੇ, ਸੱਚੇ, ਨਿਰਮਲ ਅਤੇ ਸਦਾ-ਵਿਗਾਸੀ ਹਿਰਦੇ ਵਿੱਚ ਸ਼ਬਦਾਂ ਦਾ ਰੂਪ ਧਾਰ ਕਵਿਤਾ ਜਾਂ ਗੀਤ ਬਣਦੇ ਜਾਂਦੇ ਹਨ ਅਤੇ ਰਾਗ-ਨਾਦ ਦੀ ਛੁਹ ਪਾ ਕੇ ਸੁਰੀਲੇ ਕੰਠ ਰਾਹੀਂ ਰੂਹਾਨੀਅਤ ਦੇ ਅਕਾਸ਼ ਮੰਡਲ ਤੇ ਸਤਰੰਗੀ ਪੀਂਘ ਬਣ ਸੋਭਦੇ ਹਨ। ਜਿਵੇਂ ਪੰਜਾਬੀ ਦੀ ਕਹਾਵਤ ਹੈ ਕਿ ਸੀਹਣੀਂ ਦਾ ਦੁੱਧ ਸਵਰਨ (ਸੋਨੇ) ਦੇ ਪਾਤਰ (ਬਰਤਨ) ਵਿੱਚ ਹੀ ਸਮਾ ਸੱਕਦਾ ਹੈ। ਇਸੇ ਤਰ੍ਹਾਂ ਪ੍ਰੇਮ ਸੱਚੇ-ਸੁੱਚੇ, ਨਿਰਮਲ ਹਿਰਦੇ ਵਿੱਚ ਹੀ ਸਮਾ ਸਕਦਾ ਹੈ। ਪ੍ਰੇਮ ਨਾਲ ਸਰਸ਼ਾਰ ਹਿਰਦੇ ਚੋਂ ਕਵਿਤਾ ਜਨਮ ਲੈਂਦੀ ਹੈ, ਰਾਗ ਉਪਜਦਾ ਹੈ। ਅਜਿਹੀਆਂ ਸਿਫਤਾਂ ਵਾਲਾ ਹੀ ਇੱਕ ਬੜਾ ਪਿਆਰਾ ਸ਼ਖ਼ਸ ਸੀ-ਮਾਂ-ਬੋਲੀ ਪੰਜਾਬੀ ਦਾ ਲਾਡਲਾ ਸਪੂਤ, ਜਿਸਦੇ ਪ੍ਰੇਮ-ਪਰੁੱਚੇ ਹਿਰਦੇ ਚੋਂ ਕਵਿਤਾ ਉਪਜਦੀ

ਸੀ ਅਤੇ ਉਸਦੇ ਸੁਰੀਲੇ ਕੰਠ ਰਾਹੀਂ ਸਰੋਤਿਆਂ ਨੂੰ ਕੀਲ ਲੈਂਦੀ ਸੀ-ਉਹ ਸੀ ਪ੍ਰੇਮ ਦਾ ਸੁਨਹਿਰੀ ਪਾਤਰ : ਪਦਮ ਸ੍ਰੀ ਸੁਰਜੀਤ ਪਾਤਰ। ਪਾਤਰ ਜੀ ਦੀਆਂ ਹੀ ਸਤਰਾਂ ਹਨ-

'ਰਗਾਂ ਰਾਗ ਹੋਈਆਂ, ਲਹੂ ਗੀਤ ਬਣਿਆ।
ਕਵੀ ਤੇ ਕਵਿਤਾ ਦੀ ਇੱਕ ਜਾਤ ਹੋਈ।'

ਪਾਤਰ ਸਾਹਿਬ ਜਦੋਂ ਕੋਈ ਨਜ਼ਮ ਤਰੰਨਮ 'ਚ ਗਾ ਕੇ ਪੇਸ਼ ਕਰਦੇ ਸਨ, ਤਾਂ ਜਿਵੇਂ ਹਵਾ ਵੀ ਰੁਕ ਕੇ ਸੁਣਨ ਲੱਗ ਪੈਂਦੀ ਸੀ। ਪੰਛੀਆਂ ਨੂੰ ਗਾਉਣਾ ਭੁੱਲ ਜਾਂਦਾ ਸੀ। ਰੁੱਖ-ਬਿਰਖ ਮਸਤੀ ਵਿੱਚ ਝੂਮਣ ਲੱਗ ਪੈਂਦੇ ਸਨ। ਵੀਹਵੀਂ ਸਦੀ ਦੇ ਪੰਜਾਬੀ ਦੇ ਸਿਰਮੌਰ ਸ਼ਾਇਰ : ਧਨੀ ਰਾਮ ਚਾਤ੍ਰਿਕ, ਪ੍ਰੋ. ਮੋਹਨ ਸਿੰਘ, ਸ਼ਿਵ ਕੁਮਾਰ ਬਟਾਲਵੀ ਵਰਗਿਆਂ ਕਵੀਆਂ ਦੀ ਕਤਾਰ ਦਾ ਕਵੀ, ਇੱਕਵੀਂ ਸਦੀ ਦੇ ਦੂਸਰੇ ਦਹਾਕੇ ਨੂੰ ਪਾਰ ਕਰਦਿਆਂ ਸਾਹਿਤ ਜਗਤ ਦੀ ਮਾਊਂਟ ਐਵਰੈਸਟ ਬਣ ਚੁੱਕਾ ਸੀ- ਡਾ. ਸੁਰਜੀਤ ਪਾਤਰ।

ਸਰੀਰ ਕਰਕੇ ਪਾਤਰ ਜੀ ਦੇ ਜਾਣ ਤੋਂ ਬਾਅਦ ਬਹੁਤ ਸਾਹਿਤ ਸਭਾਵਾਂ ਅਤੇ ਕਈ ਸੰਸਥਾਵਾਂ ਨੇ ਆਪ ਦੀ ਯਾਦ ਵਿੱਚ ਸ਼ਰਧਾਂਜਲੀ ਸਮਾਗਮ ਕੀਤੇ, ਪੰਜਾਬੀ ਪਰਚਿਆਂ ਦੇ ਪਾਤਰ ਸਾਹਿਬ ਨੂੰ ਸਮਰਪਿਤ ਵਿਸ਼ੇਸ਼ ਅੰਕ ਪ੍ਰਕਾਸ਼ਿਤ ਹੋਏ। ਪਾਤਰ ਜੀ ਦੇ ਜੀਵਨ ਅਤੇ ਰਚਨਾ ਬਾਰੇ ਵੱਡੇ ਲੇਖਕਾਂ, ਕਵੀਆਂ ਨੇ ਬਹੁਤ ਕੁਝ ਲਿਖਿਆ ਅਤੇ ਬੋਲਿਆ, ਆਪ ਦੀ ਯਾਦ ਵਿੱਚ ਕਵੀ ਦਰਬਾਰ ਹੋਏ। ਮੈਂ ਹਥਲੇ ਲੇਖ ਵਿੱਚ ਕੇਵਲ ਪਾਤਰ ਜੀ ਦੀ ਨਿੱਘੀ ਸ਼ਖ਼ਸੀਅਤ ਬਾਰੇ ਅਤੇ ਨਾਮਧਾਰੀ ਸਮਾਜ ਨਾਲ ਆਪ ਦੀ ਪੀਡੀ ਸਾਂਝ ਬਾਰੇ ਹੀ ਪਾਠਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਾਂਗਾ।

ਪੂਰੀ ਮਾਨਵਤਾ ਵਿੱਚ ਦੋ ਹੀ ਧਰਮ ਹਨ ਅਤੇ ਦੋ ਤਰ੍ਹਾਂ ਦੇ ਹੀ ਮਨੁੱਖ ਹਨ। ਕਲਗੀਧਰ ਪਾਤਸ਼ਾਹ ਦਾ ਵਾਕ ਹੈ-

**'ਸਾਧ ਕਰਮ ਜੇ ਪੁਰਖ ਕਮਾਵੈ॥**
**ਨਾਮ ਦੇਵਤਾ ਜਗਤ ਕਹਾਵੈ॥'**
**ਕੁਕ੍ਰਿਤ ਕਰਮ ਜੇ ਜਗ ਮਹਿ ਕਰਹੀ॥**
**ਨਾਮ ਅਸੁਰ ਤਿਨ ਕੋ ਸਭ ਧਰਹੀ॥'**

ਸ਼ੁਭ ਕਰਮ ਕਰਨ ਵਾਲਾ, ਪਰਉਪਕਾਰੀ ਸੁਭਾਅ ਵਾਲਾ ਵਿਅਕਤੀ ਦੇਵਤਾ ਹੁੰਦਾ ਹੈ ਅਤੇ ਖੋਟੇ ਕਰਮ ਕਰਨ ਵਾਲਾ, ਕਿਸੇ ਨੂੰ ਦੁੱਖ ਦੇਣ ਵਾਲਾ ਅਸੁਰ (ਰਾਕਸ਼) ਕਿਹਾ ਜਾਂਦਾ ਹੈ। ਦੋ ਹੀ ਧਰਮ ਹਨ ਸੁਰ ਅਤੇ ਅਸੁਰ ਦਾ, ਦੇਵ ਅਤੇ ਦਾਨਵ ਦਾ ਧਰਮ। ਇਸ ਵਿੱਚ ਦੇਸ਼, ਕੌਮ. ਨਸਲ, ਰੰਗ ਦਾ ਕੋਈ ਭੇਦ ਨਹੀਂ ਹੁੰਦਾ। ਕਿਸੇ ਵੀ ਕੌਮ ਵਿੱਚ, ਸੰਸਥਾ ਵਿੱਚ ਜਾਂ ਏਥੋਂ ਤੱਕ ਕਿ ਇੱਕੋ ਪਰਵਾਰ ਵਿੱਚੋਂ ਵੀ-ਆਪਣੇ ਸੁਭਾਅ ਅਤੇ ਕਰਮਾਂ ਕਰਕੇ ਇੱਕ ਦੇਵ ਹੋ ਸਕਦਾ ਹੈ ਅਤੇ ਦੂਸਰਾ ਦਾਨਵ ਹੋ ਸਕਦਾ ਹੈ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ-

**'ਬਿਰਖੈ ਹੇਠਿ ਸਭਿ ਜੰਤ ਇਕਠੇ॥**
**ਇਕਿ ਤਤੇ ਇਕਿ ਬੋਲਨਿ ਮਿਠੇ॥**
**ਅਸਤੁ ਉਦੋਤੁ ਭਇਆ ਉਠਿ ਚਲੇ**
**ਜਿਉ ਜਿਉ ਅਉਧ ਵਿਹਾਣੀਆ॥'**

ਇੱਕ ਮਨੁੱਖ ਹੁੰਦੇ ਕੁੜੱਤਣ ਭਰੇ ਅਤੇ ਦੂਸਰੇ ਹੁੰਦੇ ਹਨ ਮਿੱਠ-ਬੋਲੜੇ, ਸੁਰ ਅਤੇ ਅਸੁਰ ਇਸ ਸੰਸਾਰ ਨੂੰ ਸੁਖਦਾਈ ਜਾਂ ਦੁਖਦਾਈ ਬਣਾਉਣ ਵਿੱਚ ਆਪੋ ਆਪਣਾ ਰੋਲ ਅਦਾ ਕਰਦੇ ਹਨ। ਸੁਰਜੀਤ ਪਾਤਰ ਜੀ ਦੇਵ ਪੁਰਸ਼ਾਂ ਦੀ ਸ਼੍ਰੇਣੀ ਦੇ ਮਿੱਠ-ਬੋਲੜੇ, ਸੁਹਿਰਦ, ਸੁਨਿਮਰ ਅਤੇ ਸੰਜ਼ੀਦਾ ਪੁਰਸ਼ ਸਨ, ਬਚਨ ਅਤੇ ਕਰਮ ਕਰਕੇ ਪਾਰਦਰਸ਼ੀ ਸਨ। ਪਾਤਰ ਜੀ ਦੇ ਹਿਰਦੇ ਦੀ ਨਿਰਮਲਤਾ ਉਨ੍ਹਾਂ ਦੀਆਂ ਲਿਖਤਾਂ ਚੋਂ ਸਪਸ਼ਟ ਹੁੰਦੀ ਹੈ। ਸੁਭਾਅ ਦੀ ਨਿਰਛਲਤਾ ਅਤੇ ਸੁਹਿਰਦਤਾ ਉਨ੍ਹਾਂ ਦੇ ਚਿਹਰੇ ਤੇ ਅਸੀਮ ਸ਼ਾਂਤੀ ਦੇ ਰੂਪ ਵਿੱਚ ਪਸਰੀ ਹੁੰਦੀ ਸੀ। ਜੇਡੀਆਂ ਪਿਆਰੀਆਂ ਆਪ ਦੀਆਂ ਕਵਿਤਾਵਾਂ ਹਨ, ਉਸ ਤੋਂ ਵੀ ਮਿੱਠੀ ਆਪਦੀ ਸੁਰੀਲੀ ਗਾਇਕੀ ਸੀ। ਆਪ ਹਿੱਕ ਦੇ ਜ਼ੋਰ ਨਾਲ ਨਹੀਂ ਸਨ ਗਾਉਂਦੇ, ਸਗੋਂ ਦਿਲ ਦੀਆਂ ਗਹਿਰਾਈਆਂ ਤੋਂ ਏਨੇ ਠਹਿਰਾਉ ਨਾਲ ਗਾਉਂਦੇ ਕਿ ਸਰੋਤੇ ਉੱਚੀ ਸਾਹ ਵੀ ਨਾ ਲੈਂਦੇ। ਸੰਜ਼ੀਦਗੀ, ਰਹਾਉ, ਠਹਿਰਾਓ ਆਪ ਦੇ ਸਹਿਜ ਸੁਭਾਅ ਦਾ ਅਨਿੱਖੜਵਾਂ ਅੰਗ ਸਨ।

ਸੰਨ 2004 ਵਿੱਚ ਗੁਰੂ ਨਾਨਕ ਭਵਨ ਲੁਧਿਆਣਾ ਵਿਖੇ ਨਾਮਧਾਰੀ ਸੰਗਤ ਵਲੋਂ ਸੰਗੀਤ ਸੰਮੇਲਨ ਆਯੋਜਿਤ ਕੀਤਾ ਗਿਆ। ਸੰਗੀਤ ਸੰਮੇਲਨ ਦੀ ਸਮਾਪਤੀ ਤੇ ਪਾਤਰ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਨਮੁਖ ਇੱਕ ਨਜ਼ਮ ਪੇਸ਼ ਕੀਤੀ :

'ਅਸਾਡੀ ਤੁਹਾਡੀ ਮੁਲਾਕਾਤ ਹੋਈ,
ਜਿਉਂ ਬਲਦੇ ਹੋਏ ਜੰਗਲ ਤੇ ਬਰਸਾਤ ਹੋਈ।
ਸੀ ਚਾਰੋਂ ਦਿਸ਼ਾ ਰਾਤ ਹੀ ਰਾਤ ਹੋਈ,
ਤੇਰਾ ਮੁਖੜਾ ਤੱਕਿਆ ਤਾਂ ਪਰਭਾਤ ਹੋਈ।
ਤੂੰ ਤੱਕਿਆ ਤੇ ਰੁੱਖਾਂ ਨੂੰ ਫੁੱਲ ਪੈ ਗਏ ਸਨ,
ਮੇਰੇ ਤੱਕਦੇ ਤੱਕਦੇ ਕਰਾਮਤ ਹੋਈ।.........'

ਨਜ਼ਮ ਗਾ ਕੇ ਸਤਿਗੁਰੂ ਜੀ ਦੇ ਸਨਮੁਖ ਜਦ ਪਾਤਰ ਜੀ ਨਤ-ਮਸਤਕ ਹੋਏ ਤਾਂ ਸਤਿਗੁਰੂ ਜੀ ਨੇ ਆਪਣੇ ਹਸਤ ਕੰਵਲ ਨਾਲ ਪਾਤਰ ਜੀ ਦੇ ਹਿਰਦੇ ਨੂੰ ਛੂਹ ਕੇ ਬਚਨ ਕੀਤਾ :

"ਤੂੰ ਲਿਖਦਾ ਵੀ ਦਿਲ ਤੋਂ ਹੈਂ ਅਤੇ ਗਾਉਂਦਾ ਵੀ ਦਿਲ ਤੋਂ ਹੈਂ।"

ਉੱਥੇ ਹਾਜ਼ਰ ਫੋਟੋਗ੍ਰਾਫਰ ਨੇ ਠੀਕ ਉਸ ਛਿਣ ਨੂੰ ਕੈਮਰੇ ਵਿੱਚ ਕੈਦ ਕਰ ਲਿਆ। ਇੱਕ ਵੇਰ ਮੈਂ (ਹਰਪਾਲ ਸਿੰਘ)ਅਤੇ ਅਜੀਤ ਸਿੰਘ ਲਾਇਲ ਪਾਤਰ ਜੀ ਨੂੰ ਮਿਲਣ ਅਤੇ ਆਪਣੀ ਪੁਸਤਕ 'ਗੁਰ-ਸਾਖੀ' ਅਰਪਨ ਕਰਨ ਗਏ, ਜਿਸ ਵਿੱਚ ਪਾਤਰ ਜੀ ਦਾ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਲਿਖਿਆ ਲੇਖ ਵੀ ਸੀ। ਉਹੋ ਤਸਵੀਰ ਪਾਤਰ ਜੀ ਦੇ ਸਟੱਡੀ ਰੂਮ ਵਿੱਚ ਲੱਗੀ ਹੋਈ ਸੀ-ਪਾਤਰ ਜੀ ਆਖਣ ਲੱਗੇ-ਮੈਨੂੰ ਭਾਵੇਂ ਬਹੁਤ ਮਾਣ-ਸਨਮਾਨ ਮਿਲੇ ਹਨ ਪਰ ਮੇਰੇ ਹਿਰਦੇ ਨੂੰ ਛੂਹ ਕੇ ਸਤਿਗੁਰੂ ਜੀ ਦੇ ਆਖੇ ਬੋਲ ਕਿ "ਤੂੰ ਲਿਖਦਾ ਵੀ ਦਿਲ ਤੋਂ ਹੈਂ ਅਤੇ ਗਾਉਂਦਾ ਵੀ ਦਿਲ ਤੋਂ ਹੈਂ", ਮੇਰੇ ਵਾਸਤੇ ਸਭ ਤੋਂ ਵੱਡਾ ਸਨਮਾਨ ਹੈ।

ਪਹਿਲੋਂ ਮੈਂ ਲਿਖਣਾ ਸੀ ਕਿ ਪਾਤਰ ਜੀ ਦੇ ਨਾਮਧਾਰੀ ਸਮਾਜ ਨਾਲ ਸੰਬੰਧ ਬਣੇ ਕਿਵੇਂ, ਕਿੰਨੇ ਨਿੱਘੇ ਸਨ ਅਤੇ ਨਿਭੇ ਕਿਵੇਂ? ਪਰ ਉਪਰੋਕਤ ਘਟਨਾ ਪਹਿਲੋਂ ਆ ਹਾਜ਼ਰ ਹੋਈ, ਏਡੀ ਪਿਆਰੀ ਘਟਨਾ, ਇੱਕ ਸਾਹਿਤਕਾਰ ਨੂੰ ਪ੍ਰਾਪਤ ਹੋਈ ਗੁਰ ਅਸੀਸ ਦੀ ਵਾਰਤਾ ਨੂੰ ਮੈਂ ਨਾਂਹ ਨਹੀਂ ਕਰ ਸਕਿਆ, ਉੱਥੇ ਹੀ ਲਿਖਣੀ ਪਈ। ਪਰ ਹੁਣ ਮੈਂ ਹੋਰ ਕੋਈ ਵਾਰਤਾ ਦਾ ਜ਼ਿਕਰ ਕਰਨ ਤੋਂ ਪਹਿਲਾਂ ਦੱਸਦਾ ਹਾਂ ਕਿ ਪਾਤਰ ਜੀ ਕਿਵੇਂ ਨਾਮਧਾਰੀ ਸਮਾਜ ਦਾ ਇੱਕ ਸਤਿਕਾਰਤ ਅੰਗ ਬਣ ਗਏ।

ਕੇਵਲ ਸੁਰਜੀਤ ਪਾਤਰ ਹੀ ਨਹੀਂ, ਨਾਮਧਾਰੀ ਸਮਾਜ ਤੋਂ ਬਾਹਰਲੇ ਅਨੇਕਾਂ ਗੁਣੀਜਨ, ਵਿਦਵਾਨ, ਕਵੀ, ਸੰਗੀਤਕਾਰ ਆਦਿ ਸੱਜਣਾਂ ਦੀ ਨਾਮਧਾਰੀ ਸਮਾਜ ਨਾਲ ਪੀਡੀ ਸਾਂਝ ਦਾ ਮਾਧਿਅਮ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਿਹਰ ਨਦਰਿ ਅਤੇ ਨਿਵਾਜ਼ਿਸ਼ ਹੀ ਬਣਦੀ ਰਹੀ। ਪਾਤਰ ਜੀ ਦੀ ਗੁਰੂ ਦਰਬਾਰ ਵਿੱਚ ਪਹਿਲੀ ਵੇਰ ਦੀ ਆਮਦ ਅਤੇ ਸਤਿਗੁਰੂ ਜੀ ਦੀ ਪਹਿਲੀ ਮਿਹਰ ਦ੍ਰਿਸ਼ਟੀ ਦੀ ਘਟਨਾ ਦਾ ਜ਼ਿਕਰ ਕਰਨ ਤੋਂ ਪਹਿਲਾਂ ਕੁਝ ਕੁ ਸ਼ਬਦ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿੱਘੇ ਅਤੇ ਮਿਲਾਪੜੇ ਸੁਭਾਅ ਬਾਰੇ ਅਤੇ ਆਪ ਦੀ ਮਿਕਨਾਤੀਸੀ ਸ਼ਖ਼ਸੀਅਤ ਬਾਰੇ ਲਿਖਣੇ ਜ਼ਰੂਰੀ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਵਾਸਤੇ ਕੋਈ ਵੀ ਓਪਰਾ ਨਹੀਂ ਸੀ, ਕੋਈ ਬੇਗਾਨਾ ਨਹੀਂ ਸੀ-ਸਗੋਂ ਸਮੁੱਚੀ ਕਾਇਨਾਤ ਆਪ ਦੇ ਕਲਾਵੇ ਵਿੱਚ ਸਮੋਈ ਹੁੰਦੀ ਸੀ। '**ਸਭੇ ਸਾਝੀਵਾਲ ਸਦਾਇਨਿ**' ਅਤੇ '**ਸਗਲ ਸੰਗਿ ਹਮ ਕਉ ਬਨਿਆਈ**' ਦੇ ਸੰਕਲਪ ਨੂੰ ਮੂਰਤੀ-ਮਾਨ ਕਰਨ ਲਈ ਆਪ ਜੀ '**ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ**' ਦਾ ਮੂਲ ਮੰਤਰ ਹੀ ਅਪਨਾਉਂਦੇ ਸਨ। ਸੌ ਵਖਰੇਵੇਂ ਹੁੰਦਿਆਂ ਵੀ ਆਪ ਜੀ ਕੋਈ ਨਾ ਕੋਈ ਸਾਂਝ ਦੀ ਤੰਦ ਲੱਭ ਹੀ ਲੈਂਦੇ ਸਨ। ਕਿਸੇ ਨਾਲ ਗੁਰਮਤਿ ਦੀ ਸਾਂਝ, ਮਾਂ-ਬੋਲੀ ਪੰਜਾਬੀ ਦੀ ਸਾਂਝ, ਸੰਗੀਤ ਦੀ ਸਾਂਝ, ਸ਼ਾਕਾਹਾਰ ਤੇ ਅਮਨ ਦੀ ਸਾਂਝ, ਕਿਰਤ ਦੀ ਸਾਂਝ, ਵਿਗਿਆਨਕ ਖੇਤੀ ਦੀ ਸਾਂਝ, ਖੇਡਾਂ ਦੀ ਸਾਂਝ ਆਦਿ ਸ਼ੁਭ ਗੁਣਾਂ ਦੀ ਸਾਂਝ ਨਾਲ ਹੀ ਰੰਗ, ਜਾਤ, ਦੇਸ਼ ਅਤੇ ਧਰਮਾਂ ਦੇ ਵਖਰੇਵੇਂ ਮਿਟਾ ਕੇ ਆਪ ਜੀ ਹਰ ਕਿਸੇ ਨੂੰ ਅਪਣੱਤ ਦਾ ਅਹਿਸਾਸ ਕਰਵਾਉਂਦੇ '**ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥**' ਦਾ ਆਦਰਸ਼ ਰੂਪਮਾਨ ਹੁੰਦਾ।

ਸਤਿਗੁਰੂ ਜਗਜੀਤ ਸਿੰਘ ਜੀ ਵੀਹਵੀਂ ਸਦੀ ਦੇ ਛੇਵੇਂ-ਸੱਤਵੇਂ ਦਹਾਕੇ ਵਿੱਚ ਵਿਸ਼ਵ ਅਮਨ ਕੌਂਸਲ ਅਤੇ ਸ਼ਾਕਾਹਾਰ ਕਾਨਫਰੰਸਾਂ ਵਿੱਚ ਬਹੁਤ ਸਰਗਰਮ ਰਹੇ। ਅਮਨ ਕੌਂਸਲ ਵਿੱਚ ਮੁੱਖ ਰੂਪ ਵਿੱਚ ਰੂਸੀਆਂ ਦੀ ਜਾਂ ਕਹਿ ਲਈਏ ਕਿ ਕਾਮਰੇਡਾਂ ਦੀ ਮੁੱਖ ਭੂਮਿਕਾ ਸੀ। ਇੱਕ ਅਮਨ ਸੰਮੇਲਨ ਦੇ ਸਮਾਗਮ ਉਪਰੰਤ ਇੱਕ ਧਾਰਮਿਕ ਸੱਜਣ ਨੇ ਸਤਿਗੁਰੂ ਜੀ ਨੂੰ ਕਿਹਾ- 'ਤੁਸੀਂ ਇਨ੍ਹਾਂ ਲੋਕਾਂ ਨਾਲ ਕਿਵੇਂ? ਇਹਨਾਂ ਦਾ ਤੇ ਧਰਮ ਨਾਲ ਦੂਰ ਦਾ ਵੀ ਕੋਈ ਵਾਸਤਾ ਨਹੀਂ, ਫੇਰ ਇਹ ਤੇ ਨਾਸਤਕ ਹਨ।' ਸਤਿਗੁਰੂ ਜੀ ਦਾ ਜੁਆਬ ਸੀ- 'ਇਹ ਅਮਨ ਕਾਇਮ ਕਰਨ ਲਈ ਯਤਨਸ਼ੀਲ ਹਨ, ਜੰਗ ਮੁਕਤ ਸਮਾਜ ਸਿਰਜਨ ਲਈ ਉੱਦਮ ਕਰ ਰਹੇ ਹਨ। ਜੇ ਸਾਡੇ ਘਰ ਨੂੰ ਅੱਗ ਲੱਗੀ ਹੋਏ ਤੇ ਕਾਮਰੇਡ ਪਾਣੀ ਦੀ ਬਾਲਟੀ ਲੈ ਕੇ ਅੱਗ ਬੁਝਾਉਣ ਆ ਜਾਵੇ ਤਾਂ ਕੀ ਅਸੀਂ ਕਹਾਂਗੇ ਕਿ ਤੂੰ ਤਾਂ ਨਾਸਤਕ ਹੈਂ, ਤੂੰ ਨਹੀਂ ਸਾਡੀ ਅੱਗ ਬੁਝਾ ਸੱਕਦਾ। ਆਪ ਜੀ ਇਹ ਵੀ ਦਲੀਲ ਦਿੱਤੀ ਕਿ ਆਸਤਕ ਅਤੇ ਨਾਸਤਕ ਵਿੱਚ 'ਅ ਅਤੇ ਨ' ਦੋ ਅੱਖਰਾਂ ਦਾ ਹੀ ਤਾਂ ਫਰਕ ਹੈ, ਤਿੰਨ ਅੱਖਰ ਤਾਂ ਦੋਹਾਂ ਦੇ ਸਾਂਝੇ ਹੀ ਹਨ। ਸਾਨੂੰ ਚੰਗੇ ਕੰਮ ਵਾਸਤੇ ਹਰ ਕਿਸੇ ਦਾ ਸਾਥ ਲੈਣਾ ਅਤੇ ਹਰ ਕਿਸੇ ਨੂੰ ਸਹਿਯੋਗ ਦੇਣਾ ਚਾਹੀਦਾ ਹੈ।' ਜੇ ਨੈਰੋਬੀ (ਅਫਰੀਕਾ) ਵਿੱਚ ਕਾਲੇ ਨੇ ਕਿਹਾ ਕਿ ਗੋਰੇ ਲੋਕ ਸਾਨੂੰ ਨਫਰਤ ਕਰਦੇ ਹਨ। ਸਤਿਗੁਰੂ ਜੀ ਨੇ ਸਮਝਾਇਆ- 'ਉਹਨਾਂ ਨਾਲ ਆਪਣਾ ਸਿਰਫ ਚਮੜੀ ਦੇ ਰੰਗ ਦਾ ਹੀ ਤਾਂ ਫਰਕ ਹੈ, ਖ਼ੂਨ ਤਾਂ ਸਭ ਦਾ ਇੱਕੋ ਰੰਗ ਦਾ ਹੀ ਹੈ।' ਇਸ ਤਰ੍ਹਾਂ ਦੀਆਂ ਅਨੇਕਾਂ ਘਟਨਾਵਾਂ ਹਨ ਪਰ ਗੱਲ ਕਰਨੀ ਹੈ ਸੁਰਜੀਤ ਪਾਤਰ ਜੀ ਨਾਲ ਬਣੀ ਸਾਂਝ ਦੀ।

ਪਾਤਰ ਜੀ ਦੇ ਆਪਣੇ ਸ਼ਬਦਾਂ ਵਿੱਚ ਕਿ : 'ਇਹ 74-75 ਦੀ ਗੱਲ ਹੋਵੇਗੀ। ਮੇਰਾ ਦੋਸਤ ਇੰਦਰਜੀਤ ਬਿੱਟੂ

ਇੱਕ ਸ਼ਾਮ ਲਿਸ਼ ਲਿਸ਼ ਕਰਦੀ ਕਾਰ ਲੈ ਕੇ ਮੇਰੇ ਕੋਲ ਆਇਆ। ਕਹਿਣ ਲੱਗਾ : ਦੇਖ ਮੈਂ ਨਵੀਂ ਕਾਰ ਲਈ ਹੈ, ਚੱਲ ਚੰਡੀਗੜ੍ਹ ਚੱਲਦੇ ਆਂ। ਤੁਰਦਿਆਂ ਕਰਦਿਆਂ ਡੂੰਘੀਆਂ ਸ਼ਾਮਾਂ ਹੋ ਗਈਆਂ। ਚੰਨ ਵੀ ਚਮਕ ਪਿਆ।

ਚੰਡੀਗੜ੍ਹ ਦੇ ਰਾਹ ਵਿੱਚ ਭੈਣੀ ਸਾਹਿਬ ਦੇ ਸਾਈਨ ਬੋਰਡ ਦੇਖੇ ਤਾਂ ਕਹਿਣ ਲੱਗਾ : ਯਾਰ ਮੈਂ ਕਦੀ ਭੈਣੀ ਸਾਹਿਬ ਨਹੀਂ ਗਿਆ। ਚੱਲ ਏਥੋਂ ਦੀ ਹੋ ਕੇ ਫਿਰ ਚੰਡੀਗੜ੍ਹ ਜਾਂਦੇ ਹਾਂ।

ਭੈਣੀ ਸਾਹਿਬ ਪਹੁੰਚੇ ਤਾਂ ਓਥੇ ਅਲੌਕਿਕ ਦ੍ਰਿਸ਼ ਦੇਖਿਆ। ਇਉਂ ਲੱਗਿਆ ਜਿਵੇਂ ਧਰਤੀ ਤੇ ਬੈਕੁੰਠ ਉਤਰਿਆ ਹੋਵੇ। ਚੰਨ ਚਾਨਣੀ ਰਾਤ ਵਿੱਚ ਮੋਤੀਆਂ ਜੜੇ ਆਕਾਸ਼ ਹੇਠ ਦੂਰ ਤੱਕ ਜਿਵੇਂ ਚਿੱਟੇ ਗੁਲਾਬਾਂ ਦੀ ਫਸਲ ਵਾਂਗ ਨਾਮਧਾਰੀ ਸੰਗਤ ਜੁੜੀ ਹੋਈ ਸੀ ਤੇ ਚਿੱਟੀਆਂ ਸਫ਼ੇਦ ਚਾਦਰਾਂ ਨਾਲ ਸੁਸੱਜਿਤ ਮੰਚ ਉੱਤੇ ਸੁਸ਼ੋਭਿਤ ਸਨ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਉਨ੍ਹਾਂ ਦੇ ਬਿਲਕੁਲ ਕਰੀਬ ਸੁਭਾਇਮਾਨ ਸਨ ਸਿਤਾਰ ਦੇ ਸਿੱਧਹਸਤ ਕਲਾਕਾਰ ਉਸਤਾਦ ਵਲਾਇਤ ਹੁਸੈਨ ਖਾਨ ਜੀ। ਚੰਨ ਦੀ ਚਾਨਣੀ ਅਤੇ ਤਾਰਿਆਂ ਦੀ ਲੋਅ ਵਿੱਚ ਤਾਰਾਂ ਦਾ ਰਾਗ ਘੁਲ ਰਿਹਾ ਸੀ। ਤਾਰਿਆਂ ਦੀ ਮਹੀਨ ਕਿਰਣਾਂ ਸਿਤਾਰ ਦੀਆਂ ਤਾਰਾਂ ਨੂੰ ਛੁੰਹਦੀਆਂ ਲੱਗਦੀਆਂ ਸਨ ਜਾਂ ਤਾਰਾਂ ਦੀ ਅਵਾਜ਼ ਤਾਰਿਆਂ ਦੀ ਦੁਨੀਆਂ ਵੱਲ ਜਾ ਰਹੀ ਸੀ।

ਮੈਂ ਅਤੇ ਇੰਦਰਜੀਤ ਓਥੇ ਜੋਗੇ ਹੀ ਹੋ ਗਏ, ਫਿਰ ਚੰਡੀਗੜ੍ਹ ਕਿਸ ਨੇ ਜਾਣਾ ਸੀ। ਅਸੀਂ ਤਾਂ ਕਿਸੇ ਹੋਰ ਜਹਾਨ ਵਿੱਚ ਪਹੁੰਚ ਗਏ ਸਾਂ ਚੰਡੀਗੜ੍ਹ ਤਾਂ ਉਸ ਜਹਾਨ ਵਿੱਚ ਹੈ ਹੀ ਨਹੀਂ ਸੀ। ਇਹ ਨਾਮਧਾਰੀ ਦਰਬਾਰ ਨਾਲ ਮੇਰੀ ਪ੍ਰਥਮ ਭੇਂਟ ਸੀ ਸੰਗੀਤ ਅਤੇ ਨਾਮਧਾਰੀ ਮੇਰੇ ਮਨ ਵਿੱਚ ਜਿਵੇਂ ਸਮਾਨਅਰਥਕ ਸ਼ਬਦ ਹੀ ਬਣ ਗਏ ਸਨ। ਤੇ ਮੈਂ ਸਮਝਦਾ ਹਾਂ ਕਿ ਨਾਮਧਾਰੀ ਦਰਬਾਰ ਨੇ ਹਰ ਸਰਦਾਰ ਨੂੰ ਸਰਦਾਰ ਦੇ ਨਾਲ ਨਾਲ ਸੁਰਦਾਰ ਬਣਾਉਣ ਦੇ ਵੀ ਸ਼ਾਨਦਾਰ ਉਪਰਾਲੇ ਕੀਤੇ ਹਨ।' ਇਸ ਅਲੌਕਿਕ ਦ੍ਰਿਸ਼ ਨੂੰ ਪਾਤਰ ਜੀ ਨੇ ਆਪਣੀ ਇੱਕ ਨਜ਼ਮ ਵਿੱਚ ਚਿਤਰਿਆ ਹੈ–

'ਇੱਕ ਪੁੰਨਿਆ ਤੇ ਚੰਨ ਮੁੱਖ ਦੇ ਨੂਰ,
ਮੈਂ ਪ੍ਰਥਮ ਵਾਰ ਤੇਰੇ ਹਜ਼ੂਰ,
ਦੇਖੀ ਸੁਰ–ਸੰਗਤ ਦੂਰ ਦੂਰ,
ਤੱਕਿਆ ਹਰ ਮੁਖੜਾ ਪੁਰਸਰੂਰ,
ਕੋਈ ਰਿਮ ਝਿਮ ਬਰਸ ਰਿਹਾ ਸੀ ਰਾਗ।
.....ਹੇ ਸਾਜ਼ ਨਿਵਾਜ਼, ਹੇ ਦਿਲ ਨਿਵਾਜ਼......
ਦੇਖੇ ਮੈਂ ਹਜ਼ਾਰਾਂ ਸਵੇਤ ਕੰਵਲ,
ਜੀਅ ਜ਼ਾਮੇ ਰੌਸ਼ਨ, ਨੈਣ ਸਜਲ,
ਉਹ ਸਦੀਆਂ ਵਰਗੇ ਛਿਣ, ਉਹ ਪਲ,
ਸਿਲ ਵਰਗੇ ਦਿਲ ਵੀ ਜਾਣ ਪਿਘਲ,
ਕੋਈ ਥਿਰਕ ਰਿਹਾ ਸੀ ਮਹਾਂ ਸਾਜ਼......ਹੇ ਸਾਜ਼ ਨਿਵਾਜ਼'

ਇਹ ਪਾਤਰ ਜੀ ਦੀ ਗੁਰੂ ਦਰਬਾਰ ਵਿੱਚ ਪਹਿਲੀ ਆਮਦ ਸੀ ਕਿ ਪਾਤਰ, ਸੰਗੀਤ–ਪਾਸ਼ ਵਿੱਚ ਕੈਦ ਹੋ ਗਿਆ। ਜੀਵਨ ਭਰ ਲਈ ਗੁਰੂ ਕੇ ਦਰਬਾਰ ਨਾਲ ਜੁੜ ਗਿਆ।

ਇਸੇ ਤਰ੍ਹਾਂ ਇੱਕ ਵੇਰ ਅਮਰਾਸਰ ਜ਼ਿਲ੍ਹਾ ਸਿਰਸਾ (ਹਰਿਆਣਾ) ਵਿਖੇ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਇੱਕ ਸਮਾਗਮ ਸੀ। ਪਾਤਰ ਜੀ ਵੀ ਉਸ ਸਮਾਗਮ ਵਿੱਚ ਉਚੇਚੇ ਆਮੰਤ੍ਰਿਤ ਸਨ, ਇਹ 1991–92 ਈ. ਦਾ ਸਮਾਂ ਹੋਵੇਗਾ। ਉਸ ਸਮੇਂ ਪੰਜਾਬ ਮਾਰ–ਮਰਾਈ ਦੇ ਕਾਲੇ ਦੌਰ ਦੇ ਸਾਏ ਹੇਠ ਅਜੇ ਸਹਿਮਿਆ ਬੈਠਾ ਸੀ। ਉੱਥੇ ਪਾਤਰ ਜੀ ਨੇ ਪਹਿਲੀ ਵੇਰ ਸਤਿਗੁਰੂ ਜੀ ਦੇ ਸਨਮੁੱਖ ਆਪਣੀ ਇੱਕ ਨਜ਼ਮ ਗਾਈ–

'ਲੱਗ ਗਈ ਨਜ਼ਰ ਪੰਜਾਬ ਨੂੰ, ਕੋਈ ਨਜ਼ਰ ਉਤਾਰੋ।

ਲੈ ਕੇ ਮਿਰਚਾਂ ਕੌੜੀਆਂ ਇਹਦੇ ਸਿਰ ਤੋਂ ਵਾਰੋ।'

ਸਤਿਗੁਰੂ ਜੀ ਨੇ ਪਹਿਲੀ ਵਾਰ ਪਾਤਰ ਜੀ ਨੂੰ ਸੁਣਿਆ ਤਾਂ ਆਪਦੇ ਚਰਨਾਂ ਵਿੱਚ, ਆਪਦੇ ਹਿਰਦੇ ਵਿਚ ਪਾਤਰ ਜੀ ਦੀ ਜਗ੍ਹਾ ਸੁਨਿਸ਼ਚਿਤ ਹੋ ਗਈ। ਪਾਤਰ ਜੀ ਨੂੰ ਪਹਿਲੀ ਮੁਲਾਕਾਤ ਸਮੇਂ ਗੁਰੂ ਦਰਬਾਰ ਵਿੱਚ ਸੰਗੀਤਕ ਪ੍ਰਭਾ–ਮੰਡਲ ਨੇ ਕੀਲ ਲਿਆ ਅਤੇ ਸਤਿਗੁਰੂ ਜੀ ਨੇ ਪਹਿਲੀ ਵੇਰ ਪਾਤਰ ਜੀ ਦੀ ਸਾਹਿਤਕ ਪ੍ਰਤਿਭਾ ਵੇਖ ਕੇ ਅਤੇ ਸੁਰੀਲੇ ਕੰਠ ਤੋਂ ਨਜ਼ਮ ਸੁਣ ਕੇ ਪਾਤਰ ਨੂੰ ਆਪਣੀ ਮਾਲਾ ਵਿੱਚ ਪ੍ਰੋ ਲਿਆ। ਸੁਰਜੀਤ ਪਾਤਰ, ਗੁਰੂ ਬਖਸ਼ਿਸ਼ ਦਾ ਪਾਤਰ ਬਣ ਗਿਆ, ਅਸੀਸਾਂ ਨਾਲ, ਮੇਹਰ ਨਦਰਿ ਨਾਲ ਨੱਕੋ–ਨੱਕ ਭਰ ਗਿਆ। ਪਹਿਲੀਆਂ ਦੋ ਮੁਲਾਕਾਤਾਂ ਹੀ ਸਦੀਵੀ–ਸਾਂਝ ਬਣ ਗਈਆਂ।

ਇੱਕ ਸਾਹਿਤ ਸਭਾ ਸਮੇਂ ਬੋਲਦਿਆਂ ਪ੍ਰਸਿੱਧ ਕਹਾਣੀਕਾਰ ਸ੍ਰ. ਵਰਿਆਮ ਸਿੰਘ ਸੰਧੂ ਜੀ ਨੇ ਕਿਹਾ ਸੀ ਕਿ ਇੱਕੋ ਇੱਕ ਨਾਮਧਾਰੀ ਸਮਾਜ ਹੈ, ਜਿਸ ਵਿੱਚ 'ਗੁਰੂ ਅਤੇ ਸੰਗਤ ਦਾ ਸੰਬੰਧ, ਇੱਕ ਪਰਵਾਰ ਵਾਂਗ ਹੈ।'

**ਚਲਦਾ...**

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

**26 ਮਾਰਚ 1987, ਵੀਰਵਾਰ;**
**ਨਵੀਂ ਦਿੱਲੀ**

ਮੇਰੀ ਕਮਾਈ ਤੇ ਹੀ ਨਿਰਭਰ ਨਾ ਰਹੋ। ਏਥੇ ਲਾਲ ਜੀ ਤੇ ਉਹਦੀ ਪਤਨੀ ਵੀ ਨਹੀਂ ਰੱਖੇ ਜਾ ਸਕਦੇ 50 ਕਮਰਿਆਂ ਦੀ ਕੋਠੀ ਹੈ ਉਹਨਾਂ ਨੂੰ ਤਾਂ ਸੁੱਤੇ ਪਿਆਂ ਇਹ ਵੀ ਨਹੀਂ ਪਤਾ ਲੱਗਣਾ ਕਿ ਉੱਪਰਲੀ ਛੱਤ ਤੇ ਕੀ ਹੋ ਰਿਹਾ ਹੈ। ਲਾਲ ਜੀ ਨੂੰ ਵੀ ਬੈਂਕੋਕ ਲੈ ਜਾਵਾਂਗੇ ਅਤੇ ਬਲਦੇਵ ਸਿੰਘ ਨੂੰ ਵੀ। ਇਸ ਪਲੈਨ ਨੂੰ ਮੈਂ ਸਵਰਗਵਾਸੀ ਸ. ਸੁੱਚਾ ਸਿੰਘ ਜੀ ਨੂੰ ਵੀ ਦੱਸਿਆ ਸੀ। ਮੈਂ ਇਹਨਾਂ ਨੂੰ ਕਹਿ ਰੱਖਿਆ ਸੀ ਕਿ ਪਹਿਲਾਂ ਇਹਨਾਂ ਨੂੰ ਲੈ ਜਾ ਕੇ ਫੇਰ ਤੁਹਾਨੂੰ ਦੋਵਾਂ ਨੂੰ ਵੀ ਬੁਲਾ ਲਵਾਂਗਾ। ਸ਼੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਦਾ ਮੋਕਾ ਮੈਨੂੰ ਸਤਿਗੁਰੂ ਜੀ ਦੇ ਕਮਰੇ ਵਿੱਚ ਮਿਲਿਆ, ਆਪ ਜੀ ਉੱਥੇ ਆਰਾਮ ਕਰ ਰਹੇ ਸਨ। ਆਪ ਜੀ ਦਸਤਾਰ, ਬਨੈਣ ਅਤੇ ਕਛਹਿਰੇ ਨਾਲ ਹੀ ਆਪਣੇ ਬਿਸਤਰੇ ਤੇ ਚੌਂਕੜਾ ਲਾਈ ਬੈਠੇ ਸਨ। ਟੈਲੀਫੋਨ ਰਾਹੀ ਸ੍ਰੀ ਸਤਿਗੁਰੂ ਜੀ ਕਿਸੇ ਨੂੰ ਸੁਨੇਹਾ ਦੇ ਰਹੇ ਸਨ। ਬੀਬੀ ਜੀ ਨੂੰ ਕਹਿ ਦਿਓ ਕਿ ਮਹਾਰਾਜ ਜੀ ਦੀ ਤਬੀਅਤ ਹੁਣ ਠੀਕ ਹੈ। ਉਹਨਾਂ ਪ੍ਰਸ਼ਾਦਾ ਛਕ ਲਿਆ ਹੈ। ਚਿੰਤਾ ਨਾ ਕਰਨ। ਸਤਿਗੁਰੂ ਜੀ ਨੇ ਇਹ ਵੀ ਜਿਕਰ ਕੀਤਾ ਕਿ ਬੀਬੀ ਗੁਰਸ਼ਰਨ ਨੇ ਫੋਨ ਕੀਤਾ ਤਾਂ ਮੈਂ ਹੈਰਾਨ ਰਹਿ ਗਿਆ। ਇਸ ਦਾ ਮਤਲਬ ਇਹ ਹੈ ਕਿ ਫੋਨ ਬੈਂਗਲੋਰ ਹੋ ਰਿਹਾ ਹੈ। ਬੀਬੀ ਜੀ ਦੇ ਬੱਚਾ ਹੋਣ ਦੀ ਸੰਭਾਵਨਾ ਹੈ, ਉਹਨਾਂ ਦੀ ਸੱਸ ਇਸ ਸਮੇਂ ਦੀ ਨਜਾਕਤ ਨੂੰ ਸਮਝਦਿਆਂ ਆਪ ਬੈਂਗਲੋਰ ਪਹੁੰਚੇ ਹਨ 23 ਜਾਂ 24 ਮਾਰਚ ਨੂੰ। ਇਸ ਸਮੇਂ ਕੇਵਲ ਸਕੱਤਰ ਤੇ ਸੰਤ ਸਤਨਾਮ ਸਿੰਘ ਮੁਕਤਾ ਹੀ ਸਨ, ਅੰਦਰ। ਸਤਿਗੁਰੂ ਜੀ ਨੇ ਮੇਰੀ ਨਮਸਕਾਰ ਨੂੰ ਵਿਸ਼ੇਸ਼ ਸੁਭਾਗਾ ਕਰਨ ਵਾਸਤੇ ਮੇਰੇ ਵੱਲ ਇੱਕ ਵਿਦੇਸ਼ੀ ਮਾਈਕਰੋਚਿੱਪ ਕਲਮ ਵਧਾਈ ਤੇ ਬਚਨ ਕੀਤਾ-

ਇਹਦੇ ਨਾਲ ਲਿਖ ਕੇ ਵੇਖੋ ਕੈਸੀ ਹੈ। ਮੈਂ ਸਤਿਕਾਰ ਨਾਲ ਕਲਮ ਫੜੀ ਤੇ ਇੱਕ ਪੁਰਜੇ ਤੇ ਲਿਖਿਆ; ਮੇਰੇ ਤੇ ਆਪ ਜੀ ਦੀ ਬੜੀ ਕਿਰਪਾ ਹੈ। ਸਤਿਗੁਰੂ ਜੀ ਵੱਲ ਮੈਂ ਇਹ ਪੁਰਜਾ ਵਧਾ ਕੇ ਮੈਂ ਕਿਹਾ- ਬਹੁਤ ਨਰਮ ਹੈ। ਸਤਿਗੁਰੂ ਜੀ ਨੇ ਬਚਨ ਕੀਤਾ; ਜਾਂ ਉਹ ਸਫੈਦਕਲਮਾਂ ਜੋ ਆਰੀਅਨ ਸਾਖਟ ਦੀਆਂ ਸਨ ਚੰਗੀਆਂ ਲੱਗੀਆਂ ਜਾਂ ਇਹ ਅੱਛੀ ਲੱਗੀ ਹੈ। ਮੇਰੇ ਵਾਸਤੇ ਏਨਾ ਅਵਸਰ ਵੀ ਦੁਰਲੰਭ ਸੀ। ਮੈਂ ਬਾਹਰ ਆ ਗਿਆ ਤਾਂ ਅੰਦਰ ਬਾਲੀ ਨਗਰ ਦੇ ਨੌਜਵਾਨ ਜਸਪਾਲ ਸਿੰਘ ਨੂੰ ਵੀ ਬੁਲਾ ਲਿਆ ਗਿਆ। ਫਿਰ ਮੈਂ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਦੀਵਾਨ ਵਿੱਚ ਜਾ ਕੇ ਦਰਸ਼ਨ ਕੀਤੇ। ਨਾਮ ਸਿਮਰਨ ਜਾਰੀ ਸੀ। ਮੈਨੂੰ ਅੱਜ ਵੀ ਡਾਕ ਵਿੱਚ ਸ. ਸੰਤੋਖ ਸਿੰਘ ਧੀਰ ਵਲੋਂ ਲਿਖੀ ਸ਼੍ਰੀ ਸਤਿਗੁਰੂ ਜੀ ਨੂੰ ਧੰਨਵਾਦ ਦੀ ਚਿੱਠੀ ਦੀ ਫੋਟੋ ਸਟੇਟ ਭੇਜੀ ਹੋਈ ਮਿਲ ਗਈ ਸੀ। ਉਹ ਨਾਲ ਲੈ ਆਂਦੀ ਸੀ ਅਤੇ ਕੀਰਤਨ ਦੇ ਸਮੇਂ ਆਪ ਜੀ ਨੇ ਪੇਸ਼ ਕੀਤੀ। ਪੱਤਰ ਦਾ ਪੂਰਾ ਪਾਠ ਇਸ ਤਰਾਂ ਹੈ;

689, ਫੇਜ 10,
ਮੋਹਾਲੀ-160061
ਪਰਮ ਸਤਿਕਾਰਯੋਗ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ

ਸਚੇ ਪਾਤਸ਼ਾਹ ਜੀਉ

ਬੇਨਤੀ ਹੈ,ਸ੍ਰੀ ਪ੍ਰੀਤਮ ਸਿੰਘ ਕਵੀ ਜੀ ਹੱਥੀਂ ਆਪ ਵਲੋਂ ਭੇਜੇ ਗਏ 5000 ਮੈਨੂੰ ਪ੍ਰਾਪਤ ਹੋ ਗਏ ਹਨ। ਆਪ ਜੀ ਦੀ ਬਖਸ਼ਿਸ਼ ਅਤੇ ਗਰੀਬ ਨਿਵਾਜੀ ਲਈ ਮੈਂ ਆਪ ਜੀ ਦਾ ਬਹੁਤ ਬਹੁਤ ਧੰਨਵਾਦੀ ਹਾਂ। ਪ੍ਰੀਤਮ ਸਿੰਘ ਕਵੀ ਮੇਰੇ ਬੜੇ ਪੁਰਾਣੇ ਮਿੱਤਰ ਹਨ। ਪਿਛਲੇ ਵਰ੍ਹੇ ਉਹ ਚੰਡੀਗੜ੍ਹ ਆਏ ਤਾਂ ਮੈਨੂੰ ਵੀ ਮਿਲਨ ਆ ਗਏ। ਮੇਰੀ ਆਰਥਕ ਹਾਲਤ ਸਦਾ ਹੀ ਕਮਜੋਰ ਰਹੀ ਹੈ। ਇੱਕ ਤਾਂ ਮੈਂ ਲੇਖਕ ਹਾਂ, ਫੇਰ ਮੈਂ ਪੰਜਾਬੀ ਦਾ ਲੇਖਕ ਹਾਂ। ਫੇਰ ਪ੍ਰਗਤੀਸ਼ੀਲ ਹਾਂ ਤੇ ਦੇਸ਼ ਦੀਆਂ ਭੈੜੀਆਂ ਤਾਕਤਾਂ ਵਿਰੁੱਧ ਸੰਗਰਾਮ ਕਰਨ ਵਾਲਾ ਹਾਂ। ਇਹੋ ਜਿਹੇ ਸਮਾਜ ਵਿੱਚ ਮੈਨੂੰ ਕਿਸਨੇ ਪੁੱਛਣਾ ਹੈ? ਕਵੀ ਹੋਰਾਂ ਨੇ ਜਦੋਂ ਮੈਂਨੂੰ ਨੇੜਿਉਂ ਵੇਖਿਆਂ ਤਾਂ ਉਹਨਾਂ ਮਹਿਸੂਸ ਕੀਤਾ। ਫੇਰ ਉਹਨਾਂ ਨੇ ਆਪ ਜੀ ਨਾਲ ਗੱਲ ਕੀਤੀ ਹੋਵੇਗੀ ਕਿ ਧੀਰ ਦੀ ਇਹ ਹਾਲਤ ਹੈ ਤੇ ਬਦਲ ਹੋਣੀ ਚਾਹੀਦੀ ਹੈ। ਫੇਰ 5 ਹਜਾਰ ਰੁਪਏ ਦੀ ਰਕਮ ਆਪ ਵਲੋਂ ਪਹੁੰਚ ਗਈ। ਇਹ ਪੰਜ ਹਜਾਰ ਨਹੀਂ ਹਨ, ਜਿਹੋ ਜਿਹੇ ਹਾਲਾਤਾਂ ਵਿੱਚੋਂ ਮੈਂ ਲੰਘ ਰਿਹਾ ਹਾਂ, ਉਹਨਾਂ ਅੱਗੇ ਇਹ ਪੰਜ ਲੱਖ ਬਰਾਬਰ ਹਨ। ਮੈਨੂੰ ਬਹੁਤ ਹੋਸਲਾ ਹੋਇਆ।

ਮੈਂ 1960 ਤੋਂ ਮਨੋਰੋਗ ਨਾਲ ਬੀਮਾਰ ਸੀ। ਕਈ ਵਾਰ ਮੈਂ ਮਨੋਰੋਗ ਦੇ ਹਸਪਤਾਲਾਂ ਵਿੱਚ ਜਾ ਚੁੱਕਾ ਹਾਂ। ਕਦੇ ਕਦੇ ਦਵਾਈਆਂ ਲਈ ਵੀ ਪੈਸੇ ਨਹੀਂ ਹੁੰਦੇ ਸਨ। ਪਰ ਮੈਂ ਆਪਣੀ ਕਲਮ ਅਤੇ ਅਮਲ ਰਾਹੀ ਜਨਤਕ ਸੇਵਾ ਕਰਨ ਤੋਂ ਪਿੱਛੇ ਨਹੀਂ ਹੋਇਆ।ਜਦੋਂ ਰਾਜੀ ਹੋ ਜਾਂਦਾ ਹਾਂ, ਫੇਰ ਜੂਝਣ ਲੱਗ ਜਾਦਾ ਹਾਂ।ਇਸ ਵਾਰੀ 7 ਜਨਵਰੀ ਨੂੰ ਬਹੁਤ ਸਖਤ ਹਮਲਾ ਹੋਇਆ। ਚੰਡੀਗੜ ਪੀ. ਜੀ. ਆਈ. ਮਨੋਰੋਗ ਵਿਭਾਗ ਗਿਆ ਅਤੇ ਇਲਾਜ ਸ਼ੁਰੂ ਹੋਇਆ।ਹੁਣ ਮੈਂ ਕਾਫੀ ਠੀਕ ਹਾਂ। ਉਂਝ ਇਲਾਜ ਜਾਰੀ ਹੈ।

ਆਊਟਡੋਰ ਪੈਸ਼ੇਂਟ ਵਜੋਂ- ਆਪ ਜੀ ਦੀ ਇਸ ਮਦਦ ਨਾਲ ਮੈਂ ਕਾਫੀ ਸੁਖ ਮਹਿਸੂਸ ਕੀਤਾ।ਕਿਉਂਕਿ ਮੇਰੇ ਮਨ ਨੂੰ ਬਿਮਾਰ ਕਰਨ ਵਿੱਚ ਮੇਰੇ ਆਰਥਕ ਸੰਕਟ ਵੀ ਇੱਕ ਬਹੁਤ ਵੱਡੇ ਕਾਰਨ ਹੈ।ਕੋਈ ਜਮੀਨ ਜਾਇਦਾਦ ਨਹੀਂ। ਖਾਲੀ ਹੱਥ ਲੜ ਰਿਹਾ ਹਾਂ।ਲੜਣਾ ਨਹੀਂ ਛੱਡਾਗਾਂ। ਆਪ ਜੀ ਦਾ ਆਸ਼ੀਰਵਾਦੀ ਹੱਥ ਕਰਾਮਾਤੀ ਹੈ। ਬੱਸ ਮੇਰੇ ਸਿਰ ਉੱਤੇ ਆਪਣਾ ਹੱਥ ਰੱਖਦੇ ਰਹੋ। ਸ਼ੁੱਭ ਇਛਾਵਾਂ ਦਿੰਦੇ ਰਹੋ। ਮੈਨੂੰ ਤਾਕਤ ਮਿਲੇਗੀ। ਮੇਰੇ ਪਿਤਾ ਜੀ ਨਾਮਧਾਰੀ ਦਰਬਾਰ ਦੇ ਬਹੁਤ ਸ਼ਰਧਾਲੂ ਸਨ। ਮੇਰਾ ਸਿਰ ਵੀ ਇਸ ਦਰਬਾਰ ਤੇ ਚੁਕਿਆ ਰਹਿੰਦਾ ਹੈ- ਅੰਗਰੇਜਾਂ ਨਾਲ ਜੂਝਣ ਵਾਲੇ ਨਾਮਧਾਰੀ ਦਰਬਾਰ ਵੱਲ।

ਬੜੇ ਹੀ ਸਤਿਕਾਰ ਨਾਲ

ਆਪ ਜੀ ਦਾ ਦਾਸ-(ਸੰਤੋਖ ਸਿੰਘ ਧੀਰ)

ਨਿਰਮਾਣ ਜਿਹਾ ਪੰਜਾਬੀ ਲੇਖਕ

ਨੋਟ- ਆਪ ਜੀ ਦੀ ਇਸ ਸੁੱਚੀ ਰਕਮ ਨੂੰ ਸੁੱਚੇ ਕਾਰਜਾਂ ਲਈ ਹੀ ਮੈਂ ਵਰਤੋਂ ਕਰਦਾ ਰਹਾਂਗਾ।

ਸ੍ਰੀ ਸਤਿਗੁਰੂ ਜੀ ਨੇ ਧੀਰ ਦਾ ਪੂਰਾ ਪੱਤਰ ਪੜ ਕੇ ਮੈਨੂੰ ਆਖਿਆ; ਇਹ ਫਰਕ ਹੈ ਅਸਲ ਵਡੱਪਣ ਜਾਂ ਉਸਾਰੂ ਨਜਰੀਏ ਦਾ। ਧੀਰ ਜੀ ਇਹ ਵੀ ਲਿਖ ਸਕਦੇ ਸਨ ਕਿ ਮੈਂ ਰੋਗ ਗ੍ਰਸਤ ਹਾਂ, ਮੈਨੂ ਆਹ ਮੁਸ਼ਕਲ ਹੈ। ਆਹ ਪਰੇਸ਼ਾਨੀ ਹੈ। ਮੇਰਾ ਮਕਾਨ ਵੀ ਅਧੂਰਾ ਪਿਆ ਹੈ, ਅਤੇ ਇਹ ਸਿਰਫ 5 ਹਜਾਰ? ਪਰ ਧੀਰ ਨੇ ਸਹੀ ਦਿਸ਼ਾ ਅਪਣਾਈ ਕਿ ਇਹ 5000 ਇਸ ਵੇਲੇ ਪੰਜ ਲੱਖ ਦੇ ਬਰਾਬਰ ਹੈ। ਇਹ ਗੱਲ ਮੁੱਕੀ ਕਿ ਸਤਿਗੁਰੂ ਜੀ ਨੇ ਦੂਜੀ ਵਾਰ ਮੈਨੂੰ ਇਸ਼ਾਰਾ ਕਰਕੇ ਫਰਮਾਇਆ; ਹਰਭਜਨ ਏਥੇ ਹੈ ਨਹੀਂ। ਉਸ ਨੂੰ ਜੁਕਾਮ ਨੇ ਘੇਰ ਰੱਖਿਆ ਹੈ। ਮੈਂ ਚਾਹੁੰਦਾ ਹਾਂ ਕਿ ਹਰਭਜਨ ਤੇ ਤੁਸੀਂ ਗੁਰਦੇਵ ਨੂੰ ਮਿਲ ਕੇ ਆਖੋ, ਸਮਝਾਇਉ ਉਹ ਹੁਣ ਵਲਾਇਤ ਨਾ ਜਾਵੇ। ਮੱਤੂ ਦੇ ਭਾਈ ਮਸਾਂ ਡੱਕ ਡੱਕ ਰੱਖੇ ਹਨ, ਕਿਤੇ ਕੋਈ ਭੈੜਾ ਨਤੀਜਾ ਨਾ ਨਿਕਲ ਜਾਵੇ। ਅਤੇ ਮੈਂ 'ਸਤਿਬਚਨ'' ਕਹਿਕੇ ਆਗਿਆ ਪਰਵਾਨ ਕਰ ਲਈ। ਕੀਰਤਨ ਸਮੇਂ ਨਾ ਤੇ ਗੁਰੂ ਕੇ ਰਾਗੀ ਸਨ ਤੇ ਨਾ ਹੀ ਹਰਭਜਨ ਸਿੰਘ ਸਿਤਾਰ। ਅੱਜ ਬਲਜੀਤ ਸਿੰਘ ਦੀ ਸਰਦਾਰੀ, ਮੋਹਨ ਸਿੰਘ ਨੇ ਵਾਜਾ ਤੇ ਹਰਪ੍ਰੀਤ ਸਿੰਘ ਨੇ ਤਬਲਾ ਵਾਦਨ ਕਰਕੇ ਬੁੱਤ ਸਾਰਿਆ। ਅਰਦਾਸ ਸਵੇਰੇ ਘੁੱਲਾ ਜੀ ਨੇ ਕੀਤੀ ਸੀ।

ਏਸ ਵੇਲੇ ਦਾ ਨਾਮ ਸਿਮਰਨ ਅਤੇ ਕੀਰਤਨ ਦੀ ਅਰਦਾਸ ਸੂਬਾ ਧਰਮ ਸਿੰਘ ਦੇ ਪੁੱਤਰ ਸੰਤ ਸਤਿਨਾਮ ਸਿੰਘ ਨੇ ਕੀਤੀ। ਪੂਰਬੇ ਨੂੰ ਦੋ ਦਿਨਾਂ ਤੋਂ ਨਾ ਵੇਖ ਕੇ ਮੈਂ ਸਕੱਤਰ ਨੂੰ ਪੱਛਿਆ;- ਪੂਰਬਾ? ਗੁਰੂ ਜੀ ਦੇ ਨਿਜੀ ਸੇਵਕ ਦਾ ਉੱਤਰ ਸੀ ਕਿ ਉਸਨੂੰ ਜਰਾ ਪਰਿਵਾਰ ਪਿਆਰਾ ਹੈ, ਆਇਆ ਨਹੀ ਪਰ ਆ ਜਾਏਗਾ। ਮੈਂ ਫਿਰ ਪੁੱਛਿਆ ਕਦੋਂ ਤੇ ਕਿੱਥੇ ਜਾ ਰਹੇ ਹੋ? ਉਸਨੇ ਦੱਸਿਆ ਕਿ ਉਡਾਣ ਬਾਰੇ ਕੁਝ ਨਿਸ਼ਚਿਤ ਨਹੀ, ਮਨਚੰਦੇ ਨੂੰ ਅਜੇ ਤੱਕ ਨਹੀਂ ਪਤਾ ਲੱਗਿਆ ਕਿ ਜਹਾਜ ਕੇਹੜਾ ਹੈ ਤੇ ਉਸ ਕਦੋਂ

ਉੱਡਣਾ ਹੈ। ਜਾਣਾ 27.4.87. ਨੂੰ ਵਲਾਇਤ ਯੂ.ਕੇ. ਹੈ ਤੇ ਫਿਰ 4.4.87. ਨੂੰ ਨੈਰੋਬੀ ਪਹੁੰਚਣਾ ਹੈ ਨਾਲ ਜਾਣ ਵਾਲਿਆਂ ਬਾਬਤ ਵੀ ਪੁੱਛ ਲਿਆ। ਸੰਤ ਤਰਸੇਮ ਸਿੰਘ ਜੀ ਨੇ ਦੱਸਿਆ ਕਿ ਸਤਿਗੁਰੂ ਜੀ ਤੋਂ ਇਲਾਵਾ ਬਲਦੇਵ ਸਿੰਘ, ਪੂਰਬਾ, ਮਨਚੰਦਾ ਅਤੇ ਹੰਸਪਾਲ ਜੀ ਸਾਥ ਕਰਨਗੇ। ਜਾਣਾ ਰਾਗੀਆਂ ਨੇ ਵੀ ਪਰ ਪਤਾ ਨਹੀਂ ਉਹ ਕਦੋਂ ਜਾਣਗੇ। ਕਿਸੇ ਵਿਸ਼ੇਸ਼ ਕੰਮ ਲਈ ਕੱਲ ਦੇ ਗੁਰਦੇਵ ਸਿੰਘ ਨੰਬਰਦਾਰ, ਸੰਤ ਹਰਬੰਸ ਸਿੰਘ ਫੌਜੀ ਅਤੇ ਸਤਿਨਾਮ ਸਿੰਘ ਮੁਕਤਾ ਜੀਵਨ ਨਗਰ ਵਿੱਚੋਂ ਆਏ ਹੋਏ ਹਨ। ਰਾਤੀਂ ਦੀਵਾਨ ਵਿੱਚ ਸੰਗਤ ਨੂੰ ਕੱਲ੍ਹ ਦਾ ਕੋਈ ਪ੍ਰੋਗਰਾਮ ਦੱਸਿਆ ਨਹੀਂ ਗਿਆ। ਦੀਵਾਨ ਵਿੱਚੋਂ ਉਠਦਿਆਂ ਹੀ ਅੱਜ ਕੱਲ੍ਹ ਧਰਮਸ਼ਾਲਾ ਵਿੱਚ ਸਪੀਕਰਾਂ ਦੇ ਪ੍ਰਬੰਧਕ ਗੁਰਮੁਖ ਸਿੰਘ ਦੀ ਫੈਕਟਰੀ, ਕੀਰਤੀ ਨਗਰ ਵਿੱਚ ਚਰਨ ਪਾਉਣ ਲਈ ਸੱਚੇ ਪਾਤਸ਼ਾਹ ਪਧਾਰੇ ਅਤੇ ਏਥੋਂ ਉਹਦੇ ਭਰਾ ਦੀ ਫੈਕਟਰੀ ਨੂੰ ਵੀ ਨਿਵਾਜ਼ਿਆ।

7 ਵਜੇ ਰਾਤੀ ਆਰਕਾਈਵਜ ਨਾਲ ਸੰਬੰਧਤ ਸ. ਨਾਹਰ ਸਿੰਘ ਇਤਿਹਾਸਕਾਰ ਤੇ ਉਹਦੀ ਪਤਨੀ ਬੀਬੀ ਤੇਜ ਕੌਰ ਨੂੰ ਰਾਜੌਰੀ ਗਾਰਡਨ ਵਿਖੇ ਜਾ ਕੇ ਦਰਸ਼ਨ ਦਿੱਤੇ। ਫਲਾਂ ਦਾ ਟੋਕਰਾ ਅਤੇ 500 ਉਨ੍ਹਾਂ ਨੂੰ ਆਪ ਦੇਣ ਲਈ ਨਾਲ ਲੈ ਕੇ ਗਏ। ਦੋਵੇਂ ਜੀਅ ਸਤਿਗੁਰੂ ਜੀ ਨੂੰ ਬਹੁਤ ਯਾਦ ਕਰ ਰਹੇ ਸਨ। ਸ. ਨਾਹਰ ਸਿੰਘ ਜੀ ਨੇ ਰੱਜ ਕੇ ਗੱਲਾਂ ਬਾਤਾਂ ਕੀਤੀਆਂ। ਨਾਲ ਸਕੱਤਰ ਸਾਹਿਬ ਤੇ ਹੋਰ ਵੀ ਪ੍ਰਬੰਧਕ ਕਮੇਟੀ ਵੀ ਨਾਲ ਸੀ। ਸ. ਜਸਵਿੰਦਰ ਸਿੰਘ ਸਕੂਰ ਬਸਤੀ ਵੀ ਨਾਲ ਸਨ।

## 27 ਮਾਰਚ, 1987; ਸ਼ੁੱਕਰਵਾਰ,
## ਨਵੀਂ ਦਿੱਲੀ

ਅੱਜ ਦਿਨੇ 9 ਵਜੇ ਮੈਂ ਜਦੋਂ ਸਤਿਗੁਰੂ ਜੀ ਦੇ ਬਚਨ ਨੂੰ ਮੁੱਖ ਰੱਖਦਿਆਂ ਹਰਭਜਨ ਸਿੰਘ ਦੀ ਸਿਹਤ ਦਾ ਪਤਾ ਕਰਨ ਤੇ ਉਸ ਨਾਲ ਗੁਰਦੇਵ ਸਿੰਘ ਬਾਰੇ ਗੱਲ ਕਰਨ ਲਈ ਉਸਦੇ ਘਰ ਰਘੁਬੀਰ ਨਗਰ ਗਿਆ ਤਾਂ ਉਹ ਰਮੇਸ਼ ਨਗਰ ਜਾ ਚੁੱਕਾ ਸੀ। 2 ਵਜੇ ਸਾਹਮਣੇ ਤੋਂ ਮੈਨੂੰ ਗੁਰਦੇਵ ਸਿੰਘ ਸਕੂਟਰ ਤੇ ਆਉਂਦਾ ਦਿਸਿਆ। ਅਚਾਨਕ ਮੇਲ ਹੋ ਜਾਣ ਤੇ ਦੋਹਾਂ ਨੂੰ ਹੈਰਾਨਗੀ ਹੋਈ, ਪਰ ਉਂਜ ਮੈਨੂੰ ਆਪਣੇ ਸਕੂਟਰ ਤੇ ਬੈਠਾ ਲਿਆ। ਅੱਜ ਮੈਂ ਤੁਹਾਨੂੰ ਤੁਹਾਡੀ ਦਿਲਚਸਪ ਥਾਂ ਤੇ ਲੈ ਕੇ ਚਲਦਾ ਹਾਂ। ਅੱਗੋ ਰਿੰਗ ਰੋਡ ਤੇ ਸਫਰੀਂ ਪਿਆਂ ਗੁਰਦੇਵ ਸਿੰਘ ਨੇ ਪੁੱਛਿਆ–

ਕੱਲ ਸਤਿਗੁਰਾਂ ਤੁਹਾਡੇ ਨਾਲ ਮੇਰੇ ਬਾਰੇ ਕੋਈ ਗੱਲ ਕੀਤੀ ਜਾਪਦੀ ਸੀ, ਉਹ ਕੀ ਸੀ? ਉਸਦੀ ਉਤਸੁਕਤਾ ਤੇ ਠੀਕ ਸਮਾਂ ਵੇਖ ਕੇ ਮੈਂ ਸਕੂਟਰ ਤੇ ਜਾਂਦਿਆਂ ਹੀ ਸਾਰੀ ਗੱਲ ਦੱਸ ਦਿੱਤੀ ਅਤੇ ਸਤਿਗੁਰਾਂ ਤੇ ਫਿਕਰ ਤੋਂ ਜਾਣੂ ਕਰਵਾਇਆ। ਉਸਨੇ ਤੁਰੰਤ ਕਿਹਾ ਕਿ ਇਹ ਸਾਰੀ ਮਿਹਰਬਾਨੀ ਹੰਸਪਾਲ ਦੀ ਹੈ। ਪਰਸੋਂ ਮੈਨੂੰ ਉਹ ਯੂ.ਕੇ. ਐਮਬੈਂਸੀ ਵਿੱਚ ਮਿਲਿਆ ਸੀ। ਜਿਹੜੇ ਕਾਗਜ ਉਸਨੇ ਬਣਵਾਏ ਸਨ ਉਹ ਪਹਿਲਾਂ ਹੀ ਬਣੇ ਹੋਏ ਸਨ। ਉਹ ਮੇਰਾ ਰਾਹ ਸਤਿਗੁਰਾਂ ਤੋਂ ਕਹਾਕੇ ਰੋਕਣਾ ਚਾਹੁੰਦਾ ਹੋਵੇਗਾ, ਮੇਰੇ ਤੇ ਵੀ ਸਤਿਗੁਰਾਂ ਦੀ ਕਿਰਪਾ ਹੈ। ਮੈਂ ਤੇ ਆਪਣੀ ਚਾਲ ਹੀ ਚੱਲਾਂਗਾ। ਜਿੰਨਾਂ ਕੁ ਮੈਂ ਸਤਿਗੁਰਾਂ ਦੀ ਭਾਵਨਾ ਨੂੰ ਕਨਵੇ ਕਰ ਸਕਦਾ ਸੀ, ਕੀਤੀ ਪਰ ਲੱਗ ਗਈਆਂ ਯਾਰੀਆਂ ਵਾਲੇ ਕਦੋਂ ਰੁਕਦੇ ਹਨ। ਸ਼ਾਲੀਮਾਰ ਵਾਲੇ ਫਲੈਟਾਂ ਵਿੱਚ ਜਾ ਉੱਤਰੇ।

ਪੌੜੀਆਂ ਚੜਕੇ ਅਸੀਂ ਜਿਸਦੇ ਮਕਾਨ ਵਿੱਚ ਉੱਤਰੇ ਉਹ ਜੋਤਸ਼ੀ ਸੀ। ਉਹ ਜੋਤਸ਼ੀ ਬੜਾ ਸਮਝਦਾਰ ਸੀ। ਉਹ ਖਾਸਾ ਵਿਦਵਾਨ ਅਤੇ ਕਵੀ ਵੀ ਹੈ- ਪੰਡਤ ਕ੍ਰਿਸ਼ਨ ਅਸ਼ਾਂਤ। ਉਸਦੀ ਲਿਖਤ ਬਹੁਤ ਸ਼ਾਨਦਾਰੀ ਵਾਲੀ ਅਤੇ ਬਗੈਰ ਕਿਸੇ ਕੱਟ ਵੱਢ ਦੇ ਸੀ। ਉਸਦਾ ਕੀਤਾ ਕੰਮ ਵੇਖਕੇ ਮੈਨੂੰ ਬਹੁਤ ਖੁਸ਼ੀ ਹੋਈ। ਮੈਨੂੰ ਜੋਤਸ਼ੀ ਨਾਲ ਕੋਈ ਮਤਲਬ ਨਹੀਂ ਸੀ, ਉਸ ਆਦਮੀ ਦੀ ਸਾਦਗੀ, ਸੁਹਜ, ਪ੍ਰੇਮ ਤੇ ਵਿਦਵਤਾ ਨੂੰ ਪ੍ਰਣਾਮ ਕਰਨ ਨੂੰ ਜੀਅ ਕਰਦਾ ਸੀ। ਉਸਨੇ ਸਾਰੇ ਹਿਸਾਬ ਕਿਤਾਬ ਕਰਕੇ ਗੁਰਦੇਵ ਸਿੰਘ ਨੂੰ ਦੱਸਿਆ ਕਿ 29 ਮਾਰਚ ਉਸਦੇ ਲਈ ਬਹੁਤ ਸੁਭਾਗਾ ਦਿਨ ਹੈ ਵਿਦੇਸ਼ ਯਾਤਰਾ ਲਈ ਤੇ ਜੇ ਉਹ 6 ਤੋਂ 12 ਵਜੇ ਤੱਕ ਕਿਸੇ ਵੇਲੇ ਵੀ ਉੱਡੇ ਉਸਨੂੰ ਬਹੁਤ ਲਾਭਕਾਰੀ ਹੋਣ ਦੇ ਲਗਨ ਹਨ। ਨਾਂ ਹੋ ਸਕੇ ਤਾਂ 31 ਮਾਰਚ – ਪਰ ਫੇਰ 12 ਮਾਰਚ ਨੂੰ ਜਾ ਕੇ ਸਹੀ ਸਮਾਂ ਆਵੇਗਾ। ਗੁਰਦੇਵ ਸਿੰਘ ਜਿੱਥੇ ਆਤਮ ਵਿਸ਼ਵਾਸ ਰੱਖਣ ਵਾਲਾ ਤੇ ਅਗਾਹਾਂ ਦੀ ਸੋਚ ਰੱਖਣ ਵਾਲਾ ਵਿਅਕਤੀ ਹੈ ਉੱਥੇ ਜੋਤਸ਼ੀ ਦੇ ਆਖੇ ਲੱਗਣ ਵਾਲਾ ਵੀ। ਏਨਾ ਕਿ ਉਹ 4000 ਦੇ ਇੱਕ ਪਾਸੇ ਦੀ ਟਿਕਟ ਦਾ ਨੁਕਸਾਨ ਕਰਕੇ ਵੀ ਦੂਜੀ ਟਿਕਟ ਲੈ ਕੇ ਕਿਸੇ ਹੋਰ ਜਹਾਜ ਤੇ ਉੱਡਣ ਲਈ ਤਿਆਰ ਹੋ ਗਿਆ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ



**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**

**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

ਸਾਨੂੰ ਵੀ ਆਸ ਸੀ ਕਿ ਸਾਡੇ ਗੁਰੂ ਦਾ ਅਨੰਦ ਹੋਏਗਾ ਅਤੇ ਅਸੀਂ ਜੰਞ ਨਾਲ ਜਾਵਾਂਗੇ। ਇਸ ਕਰਕੇ ਦਾੜ੍ਹੀ ਸਾੜ੍ਹੀ ਏ ਪਈ ਸਾਡੀ ਦਾਹੜੀ ਚੰਗੀ ਨਹੀਂ ਸੀ, ਜਿਹਨਾਂ ਦੀਆਂ ਦਾੜ੍ਹੀਆਂ ਚੰਗੀਆਂ ਸਨ, ਉਹਨਾਂ ਨੂੰ ਜੰਞ ਨਾਲ ਲੈ ਗਏ ਹਨ। ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ ਗਰੀਬ ਸਿੱਖਾਂ ਨਾਲ ਹੱਸਣ ਖੇਡਣ ਵਾਲੇ। ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਜਿਊਣ ਸਿੰਘਾ। ਇਸ ਗੱਲੋਂ ਮੈਂ ਤੈਨੂੰ ਨਰਾਜ਼ ਨਹੀਂ ਹੋਣ ਦੇਣਾ। ਕਿਉਂਕਿ ਮਹਾਰਾਜ ਨਿਹਾਲ ਸਿੰਘ ਹੋਰਾਂ ਦੇ ਅਨੰਦ ਸਮੇਂ ਮੇਰਾ ਅਖ਼ਤਿਆਰ ਸੀ ਸਾਰਾ ਪ੍ਰਬੰਧ ਕਰਨ ਦਾ ਅਤੇ ਹੁਣ ਮੇਰੇ ਅਨੰਦ ਸਮੇਂ ਇਹ ਸਾਰਾ ਪ੍ਰਬੰਧ ਮਹਾਰਾਜ ਨਿਹਾਲ ਸਿੰਘ ਹੋਰਾਂ ਕੀਤਾ ਸੀ ਕਿ ਕਿਹਨੂੰ ਨਾਲ ਖੜਨਾ ਹੈ ਤੇ ਕਿਹਨੂੰ ਨਹੀਂ। ਪਰ ਤੂੰ ਤੇ ਛੱਡਣ ਵਾਲਾ ਨਹੀਂ ਸੈਂ। ਭੈਣੀ ਸਾਹਿਬ ਦਾ ਗੁਰੂ ਹਰੀ ਸਿੰਘ ਜੀ ਦੇ ਵੇਲੇ ਦਾ ਪੁਰਾਣਾ ਸਿੱਖ ਸੈਂ। ਖ਼ੈਰ ਕੋਈ ਗੱਲ ਨਹੀਂ। ਅਸੀਂ ਅਨੰਦ ਤੁਹਾਨੂੰ ਹੁਣੇ ਵਿਖਾ ਦਿੰਦੇ ਹਾਂ। ਹਰਨਾਮ ਸਿੰਘ ਨਥਾਣੀਏ ਨੂੰ ਹੁਕਮ ਕੀਤਾ ਕਿ ਵੇਦੀ ਗੁੱਡੋ। ਹਵਨ ਕਰੋ ਅਤੇ ਮੇਰੀ ਸਿੰਘਣੀ ਨੂੰ ਲੈ ਆਉ ਅਤੇ ਦੁਬਾਰਾ ਅਨੰਦ ਕਾਰਜ ਕਰੋ ਜਿਊਣ ਸਿੰਘ ਝੱਬਰ ਦੇ ਸਾਹਮਣੇ। ਆਪੇ ਅਨੰਦ ਵੇਖ ਲਵੇਗਾ। ਪਿਤਾ ਜੀ ਏਨੇ ਵਿਚ ਹੀ ਖ਼ੁਸ਼ ਹੋ ਗਏ ਅਤੇ ਆਖਣ ਲੱਗੇ ਕਿ ਬੱਸ ਬਈ ਬੱਸ ਮੈਂ ਅਨੰਦ ਵੇਖ ਲਿਆ ਹੈ। ਇਹ ਬਚਨ ਮੈਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੀ ਰਸਨਾ ਤੋਂ ਸੁਣਾਇਆ ਸੀ।

**ਵਲਟੋਹੇਂ (ਲਾਹੌਰ) ਦਾ ਹੋਲਾ 1971 ਬਿਕ੍ਰਮੀ:**

ਅਨੰਦ ਕਾਰਜ ਤੋਂ ਬਾਦ ਫਿਰ ਸਤਿਗੁਰੂ ਜੀ ਨੇ ਦੌਰਾ ਤੋਰ ਦਿੱਤਾ। ਮੁਕਤਸਰ ਹਰ ਵਰ੍ਹੇ ਜਿਉਂ ਮਾਘੀ ਦਾ ਮੇਲਾ ਮਨਾਇਆ ਗਿਆ ਅਤੇ ਇੱਥੋਂ ਪੜਾਓ ਪੜਾਈ ਵਲਟੋਹੇ, ਜ਼ਿਲ੍ਹਾ ਲਹੌਰ ਦੇ ਪ੍ਰਸਿੱਧ ਪਿੰਡ ਵਿਚ ਪੁੱਜ ਗਏ। (ਅੱਜ ਕਲ੍ਹ ਜ਼ਿਲਾ ਅੰਮ੍ਰਿਤਸਰ ਹੈ, 1947 ਤੋਂ ਬਾਅਦ) ਇੱਥੇ ਐਤਕੀਂ ਸੰਗਤ ਨੇ ਹੋਲਾ ਮਹੱਲਾ ਮਨਾਉਣਾ ਸੀ। ਮੈਂ ਵੀ ਬਾਬਾ ਵੀਰ ਸਿੰਘ ਜੀ ਭੋਮਾ ਵਡਾਲਾ ਅਤੇ ਭਾਈ ਮੱਲ ਸਿੰਘ ਮਜ਼ਬੀ ਸਿੰਘ ਨਾਲ ਉਗਰਾਹੀ ਕਰਦਾ ਗੁਰੂ ਕੇ ਲੰਗਰ ਦੀ, ਵਲਟੋਹੇ ਪੁੱਜ ਗਿਆ। ਸਤਿਗੁਰੂ ਜੀ ਅਤੇ ਦੋਹਾਂ ਬੇਬੇ ਜੀ (ਮਾਤਾ ਭੂਪਿੰਦਰ ਕੌਰ ਅਤੇ ਬੇਬੇ ਸਤਵੰਤ ਕੌਰ) ਦੇ ਦਰਸ਼ਨ ਕੀਤੇ। ਇਹ ਹੋਲਾ ਹੇਠ ਲਿਖੇ ਸਿੰਘਾਂ ਨੇ ਕਰਵਾਇਆ ਸੀ।

1. ਭਾਈ ਜੈ ਸਿੰਘ (ਇਹ ਭਾਈ ਘਸੀਟਾ ਸਿੰਘ ਮਦਾਰ ਵਾਲੇ ਦਾ ਸਹੁਰਾ ਸੀ, ਬੀਬੀ ਅਮਰ ਕੌਰ ਦਾ ਪਿਤਾ)
2. ਇਹਨਾਂ ਦਾ ਭਰਾ ਸੁਰਜਨ ਸਿੰਘ
3 . ਦੋਹਾਂ ਤੋਂ ਛੋਟਾ ਭਾਈ ਤੇਜਾ ਸਿੰਘ 4. ਮੱਲ ਸਿੰਘ
5 . ਪੰਡਿਤ ਮੇਵਾ ਸਿੰਘ
6. ਗੰਗਾ ਸਿੰਘ, ਕਾਰੀਗਰ ਸਿੰਘ ਸੀ ਅਤੇ ਬਾਹਰੇ ਵਿਚ ਬੜਾ ਮੰਨਿਆ ਪ੍ਰਮੰਨਿਆ ਸੀ।
7. ਜਿਵੇਂ ਨਵਾਬੀ ਦਾ ਖ਼ਿਤਾਬ ਮਿਸਲਾਂ ਸਮੇਂ ਪੰਥ ਵਲੋਂ ਕਾਲੋਕਿਆਂ ਵਾਲੇ ਕਪੂਰ ਸਿੰਘ ਵਿਰਕ ਨੂੰ ਮਿਲਿਆ ਸੀ ਤਿਵੇਂ ਨਾਮਧਾਰੀ ਪੰਥ ਵਲੋਂ ਨਵਾਬੀ ਦਾ ਖ਼ਿਤਾਬ ਵਲਟੋਹੇ ਦੇ ਕਪੂਰ ਸਿੰਘ ਨੂੰ ਮਿਲਿਆ ਸੀ। ਇਹ ਵੀ ਹੋਲਾ ਕਰਾਉਣ ਵਾਲਿਆਂ ਵਿਚ ਸ਼ਾਮਲ ਸੀ।

ਇਹ ਪਿੰਡ ਵਲਟੋਹਾ ਉਹ ਹੈ, ਜਿਸ ਵਿਚ ਫ਼ਤਹਿ ਸਿੰਘ ਪਹਿਲਵਾਨ ਸਾਰੀ ਦੁਨੀਆਂ ਵਿਚ ਮਸ਼ਹੂਰ ਹੋਇਆ ਹੈ। ਇਹ ਫਤਹਿ ਸਿੰਘ ਘੁਲਣ ਵਿਚ, ਸੌਂਚੀ ਖੇਡਣ ਵਿਚ ਆਪਣਾ ਕੋਈ ਸਾਨੀ ਨਹੀਂ ਸੀ ਰੱਖਦਾ। ਫਤਹਿ ਸਿੰਘ ਭਲਵਾਨ ਪੱਕਾ ਨਾਮਧਾਰੀ ਸਿੰਘ ਸੀ। ਇਹ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਦਾ ਸਿੱਖ ਸੀ।

ਸਤਿਗੁਰੂ ਰਾਮ ਸਿੰਘ ਦੀ ਸੋਅ ਸੁਣਕੇ ਫਤਹਿ ਸਿੰਘ ਜਦੋਂ ਆਪਣੇ ਪਿੰਡ ਵਲਟੋਹੇ ਤੋਂ ਭੈਣੀ ਸਾਹਿਬ ਸਿਖ ਬਣਨ ਵਾਸਤੇ ਗਿਆ ਸੀ ਤਾਂ ਇਹ ਭੈਣੀ ਸਾਹਿਬ ਦੇ ਪਰਲੇ ਪਾਸੇ ਰਾਈਆਂ ਵੱਲ ਜਿਹੜੇ ਜੌੜੇ ਖੂਹ ਸਦਾਉਂਦੇ ਸਨ, ਉਥੇ ਬੈਠਾ ਸੀ। ਇਹਦੇ ਚਿਤ ਵਿਚ ਫੁਰਨਾ ਹੋਇਆ ਕਿ ਜੇ ਇਹ ਪੂਰਾ ਗੁਰੂ ਹੈਂ ਤਾਂ ਜਿਸ ਖੂਹ ਤੇ ਮੈਂ ਬੈਠਾ ਹਾਂ ਇਹ ਖ਼ੂਹ ਪਾਣੀ ਦੀ ਥਾਂ ਦੁੱਧ ਦਾ ਖੂਹ ਹੋ ਜਾਏ। ਸਤਿਗੁਰੂ ਤਾਂ ਇਹੋ ਜਿਹੇ ਸੁਆਲ ਝੱਟ ਪੂਰੇ ਕਰ ਦਿੰਦਾ ਹੈ। ਉਹਦੇ ਵਾਸਤੇ ਤਾਂ ਗੱਲ ਹੀ ਕੋਈ ਨਹੀਂ ਹੁੰਦੀ ਔਖੀ। ਖੂਹ ਦੁੱਧ ਦਾ ਹੋ ਗਿਆ। ਫਤਹਿ ਸਿੰਘ ਦਾ ਸ਼ੰਕਾ ਨਵਿਰਤ ਹੋ ਗਿਆ। ਉੱਠ ਕੇ ਸਤਿਗੁਰਾਂ ਦੀ ਚਰਨੀਂ ਜਾ ਲੱਗਾ ਕਿ ਨਾਮ ਦਾਨ ਦਿਉ। ਇਸੇ ਤਰ੍ਹਾਂ ਹੀ ਬਾਬੇ ਜਵਾਹਰ ਸਿੰਘ ਹੋਰਾਂ ਫੁਰਨਾ ਕੀਤਾ ਸੀ ਕਿ ਜੇ ਗੁਰੂ ਹੈ ਤਾਂ ਆਪ ਆ ਕੇ ਅੱਗਲ ਵਾਂਢੀ ਮਿਲੇ। ਉਹਨੂੰ ਵੀ ਸਤਿਗੁਰੂ ਜੀ ਆਪ ਬਾਹਰ ਹੀ ਭੈਣੀ ਸਾਹਿਬ ਤੋਂ ਮਿਲ ਪਏ ਸਨ। ਇਵੇਂ ਹੀ ਰਿਖੀ ਕੇਸ ਵਿਖੇ ਬਾਬਾ ਕਾਹਨ ਸਿੰਘ, ਦੁਆਬੇ ਵਾਲਾ, ਉਦਾਸੀਆਂ ਦੀ ਮੰਡਲੀ ਵਿਚ ਬੈਠਾ ਸੀ। ਇਹਨੂੰ ਆਵਾਜ਼ਾ ਹੋਇਆ ਕਿ ਆ ਤੈਨੂੰ ਭਜਨ ਦੇਈਏ। ਉੱਠ ਕੇ ਤੁਰ ਪਿਆ ਭੈਣੀ ਸਾਹਿਬ ਨੂੰ, ਮਜ਼ਲੋਂ ਮਜ਼ਲ ਸਮਰਾਲੇ ਪੁਜ ਗਿਆ। ਇੱਥੇ ਆ ਕੇ ਇਹਨਾਂ ਦੇ ਅੰਦਰ ਵੀ ਫੁਰਨਾ ਹੋ ਗਿਆ ਕਿ ਮੈਂ ਕਿਸੇ ਨੂੰ ਰਾਹ ਨਹੀਂ ਪੁੱਛਣਾ। ਬੱਸ ਇਹਨੂੰ ਵੀ ਆਪ ਹੀ ਰਸਤਾ ਮਿਲਦਾ ਗਿਆ ਕਿਸੇ ਤੋਂ ਪੁੱਛਿਆ ਨਾ ਅਤੇ ਸ੍ਰੀ ਭੈਣੀ ਸਾਹਿਬ ਪੁੱਜਦਿਆਂ ਹੀ ਇਹਨਾਂ ਦੇ ਭਰਮ ਭੁਲੇਖੇ ਵੀ ਦੂਰ ਹੋ ਗਏ। ਸੋ ਇਹ ਤਿੰਨੇ ਸਿੰਘ ਸਤਿਗੁਰੂ ਰਾਮ ਸਿੰਘ ਜੀ ਦੀ ਪਹਿਲੋਂ ਅਜਮਾਇਸ਼ ਕਰਕੇ ਫਿਰ ਸਿੰਘ ਸਜੇ ਸਨ। ਉਹਦੇ ਕੌਤਕਾਂ ਦਾ ਕੋਈ ਪਾਰਾਵਾਰ ਨਹੀਂ। ਪੁਰਾਣੇ ਕੂਕੇ ਜਦੋਂ ਲੰਮਾ ਹਉਕਾ ਭਰਕੇ, "ਹਾਇ ਗੁਰੂ ਰਾਮ ਸਿੰਘ" ਆਖਦੇ ਸਨ ਤਾਂ ਉਹਨਾਂ ਦੀ ਦਸ਼ਾ ਵੇਖਣ ਵਾਲਿਆਂ ਦਾ ਵੀ ਕਲੇਜਾ ਮੂੰਹ ਨੂੰ ਆਉਣ ਨੂੰ ਕਰਦਾ ਸੀ।

ਵਲਟੋਹੇ ਵਿਚ ਸਭ ਤੋਂ ਪਹਿਲਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੇਲੇ ਇਕ ਦਸੌਂਧਾ ਸਿੰਘ ਨਾਮੇ ਨਾਮਧਾਰੀ ਸਿੰਘ ਸਜਿਆ ਸੀ। ਅੰਮ੍ਰਿਤਸਰ ਦੀ ਨਾਮਧਾਰੀ ਧਰਮਸ਼ਾਲਾ ਵਿਚ ਇਕ ਮੱਈਆ ਸਿੰਘ ਨਾਉਂ ਦਾ ਸਿੰਘ ਹੁੰਦਾ ਸੀ, ਉਸ ਨੇ ਮੈਨੂੰ ਇਹ ਬਚਨ ਸੁਣਾਇਆ ਕਿ ਜਦੋਂ ਦਸੌਂਧਾ ਸਿੰਘ ਕੂਕਾ ਬਣਿਆ ਤਾਂ ਪਿੰਡ ਦੇ ਖੂਹ ਤੋਂ ਪਾਣੀ ਲੈਣ ਗਏ ਨੂੰ ਲੋਕਾਂ ਨੇ ਪਾਣੀ ਨਾ ਭਰਨ ਦਿਤਾ। ਸਿੰਘ ਨੇ ਘਰ ਜਾ ਕੇ ਸੋਚਿਆ ਪਈ ਖੂਹ ਵਿਚ ਤਾਂ ਮੈਂ ਵੀ ਹਿੱਸੇਦਾਰ ਹਾਂ। ਉਤਨੇ ਚਿਰ ਨੂੰ ਭਾਈ ਮੱਈਆ ਸਿੰਘ ਅੰਮ੍ਰਿਤਸਰੋਂ ਇਹਦੇ ਨਾਲ ਮੇਲਾ ਗੇਲਾ ਕਰਨ ਵਾਸਤੇ ਆ ਗਿਆ। ਦਸੌਂਧਾ ਸਿੰਘ ਨੇ ਮੱਈਆ ਸਿੰਘ ਨੂੰ ਸਾਰੀ ਗੱਲ ਦੱਸੀ। ਇੱਕ ਇੱਕ ਤੇ ਦੋ ਗਿਆਰਾਂ। ਚੜ੍ਹ ਗਿਆ ਗੁੱਸਾ ਸਿੰਘਾਂ ਨੂੰ। ਸਿੰਘ ਦੋਵੇਂ ਹੀ ਜੋਬਨ ਰੁੱਤ ਵਿਚ ਸਨ। ਦਸੌਂਧਾ ਸਿੰਘ ਸੰਧੂ ਜੱਟ ਤੇ ਮਈਆ ਸਿੰਘ ਸੁਨਿਆਰਾ ਸਿੰਘ। ਲਾ ਕੇ ਗੰਡਾਸੇ ਖੂਹ ਦੇ ਉੱਤੇ ਜਾ ਖਲੋਤੇ ਙ ਮਰਨ ਮਾਰਨ ਨੂੰ ਤਿਆਰ ਨਵੇਂ ਪੰਥ ਦੀ ਆਣ ਬਦਲੇ। ਪਿੰਡ ਵਾਲਿਆਂ ਨੂੰ ਆਖਿਆ, "ਆਓ ਭਰੋ ਪਾਣੀ ਨਾ ਅਸੀਂ ਭਰਦੇ ਹਾਂ ਅਤੇ ਨਾ ਤੁਹਾਨੂੰ ਭਰਨ ਦਿੰਦੇ ਹਾਂ। ਖੂਹ ਵਿਚ ਹਿੱਸੇਦਾਰ ਹਾਂ। ਸਤਿਗੁਰੂ ਰਾਮ ਸਿੰਘ ਦੇ ਪ੍ਰਤਾਪ ਨਾਲ ਪਿੰਡ ਵਾਲਿਆਂ ਨੂੰ ਗਿਆਨ ਹੋ ਗਿਆ ਕਿ ਇਹਨਾਂ ਦੋਹਾਂ ਤਾਂ ਕਿਸੇ ਨੂੰ ਵੀ ਛੱਡਣਾ ਨਹੀਂ। ਸਭ ਭੈਭੀਤ ਹੋ ਗਏ। ਸਿਆਣੇ ਬੰਦਿਆਂ ਪਿੰਡ ਦਿਆਂ ਆ ਕੇ ਕਿਹਾ ਕਿ ਤੁਸੀਂ ਗੜਵੇ ਮਾਂਜ ਕੇ ਜਿੱਥੇ ਮਰਜ਼ੀ ਇਸ਼ਨਾਨ ਕਰੋ, ਜਲ ਭਰੋ। ਤੁਹਾਨੂੰ ਕੋਈ ਨਹੀਂ ਡੱਕਦਾ। ਸਿੰਘ ਇਸ਼ਨਾਨ ਪਾਣੀ ਕਰਕੇ ਘਰ ਚਲੇ ਗਏ। ਖੂਹ ਦਾ ਮੋਰਚਾ ਫਤੇਹ ਹੋ ਗਿਆ।

ਇਸ ਵਲਟੋਹੇ ਵਿਚ ਦਾਨੀ, ਇਸ਼ਨਾਨੀ, ਨਾਮੀ, ਭਗਤ ਅਤੇ ਸੂਰਮੇ ਹਰ ਤਰ੍ਹਾਂ ਦੇ ਸਿੰਘ ਪੈਦਾ ਹੋਏ ਹਨ। ਮੇਲਾ ਹੋਲੇ ਦਾ ਸ਼ੁਰੂ ਹੋ ਗਿਆ। ਚਾਰ ਦਿਨ ਮੇਲਾ ਰਿਹਾ। ਜਿੰਨੇ ਜਥੇ ਰਾਗੀਆਂ, ਜਥੇਦਾਰਾਂ, ਪ੍ਰਚਾਰਕਾਂ ਦੇ ਸਤਿਗੁਰੂ ਜੀ ਦੇ ਅਨੰਦ ਤੇ ਗਏ ਸਨ, ਉਹ ਸਭ ਇਸ ਹੋਲੇ ਵਿਚ ਦੀਵਾਨਾਂ ਦੀ ਸੋਭਾ ਵਧਾ ਰਹੇ ਸਨ। ਸੰਤ ਸੁੰਦਰ ਸਿੰਘ ਜੀ ਪੂੰਗਾਂ ਵਾਲੇ ਵੀ ਆਏ ਸਨ। ਮੈਂ ਆਪਣੇ ਪਿਤਾ ਸੰਤ ਜਿਊਣ ਸਿੰਘ ਝੱਬਰ ਦੇ ਨਾਲ ਹੀ ਇਕ ਵੇਰ ਵਲਟੋਹੇ ਆਇਆ ਸੀ। ਉਦੋਂ ਮੈਂ ਬਾਪੂ ਨੂੰ ਆਖਿਆ ਸੀ ਕਿ ਮੈਂ ਭਲਵਾਨ ਵੇਖਣਾ ਹੈ। ਉਹ ਫਤਹਿ ਸਿੰਘ ਹੋਰਾਂ ਦੇ ਘਰ ਲੈ ਗਏ। ਇਕ ਕਾਨਿਆਂ ਦੇ ਮੂਹੜੇ ਤੇ ਬਾਬਾ ਜੀ ਬੈਠੇ ਸਨ। ਮੈਨੂੰ ਵੇਖ ਕੇ ਆਪਣੀ ਸਿੰਘਣੀ ਨੂੰ ਕਹਿਣ ਲੱਗੇ, ਲਿਆਓ ਕੋਈ ਗੱਫਾ ਛਕਣ ਵਾਸਤੇ। ਛੋਟਾ ਝੱਬਰ ਵੀ ਆਇਆ ਹੈ ਅੱਜ ਤਾਂ। ਇਕ ਚਾਂਦੀ ਦੇ ਰੁਪਈਏ ਦੇ ਅੱਖਰ ਬਾਬਾ ਜੀ ਨੇ ਆਪਣੇ ਅੰਗੂਠੇ ਨਾਲ ਮਲ ਕੇ ਮਿਟਾ ਦਿਤੇ ਸਨ, ਜਦੋਂ ਮੇਰੇ ਪਿਤਾ ਜੀ ਨੇ ਕਿਹਾ ਸੀ ਕਿ ਇਹ ਮੁੰਡਾ ਤੁਹਾਡੇ ਦਰਸ਼ਨ ਕਰਨ ਵਾਸਤੇ ਆਇਆ ਹੈ।

ਹੋਲੇ ਦੇ ਭੋਗ ਬਾਦ, ਬਾਬੇ ਸੰਤਾ ਸਿੰਘ ਘੁੱਕੇ ਵਾਲੀਏ ਅਤੇ ਵੀਰ ਸਿੰਘ ਭੋਮੇ ਵਡਾਲੀਏ ਨੂੰ ਦੌਰਾ ਸੰਭਾਲ ਕੇ, ਸਤਿਗੁਰੂ ਪ੍ਰਤਾਪ ਸਿੰਘ ਜੀ ਸ੍ਰੀ ਭੈਣੀ ਸਾਹਿਬ ਨੂੰ ਚਲੇ ਗਏ। ਬਾਬੇ ਹੋਰੀਂ ਦੌਰਾ ਲੈ ਕੇ ਮੱਖੀ, ਨਾਰਲੀ, ਕੱਕੜ, ਚੇਲੇਕੇ ਆਦਿ ਪਿੰਡਾਂ ਵਿਚੋਂ ਹੁੰਦੇ ਹੋਏ, ਦੀਵਾਨ ਸਜਾਉਂਦੇ ਹੋਏ, ਜਥੇਦਾਰਾਂ ਅਤੇ ਰਾਗੀਆਂ ਸਮੇਤ, ਵੈਸਾਖੀ ਤੇ ਅੰਮ੍ਰਿਤਸਰ ਪੁੱਜ ਗਏ। ਮੇਲੇ ਵੈਸਾਖੀ ਤੋਂ ਬਾਦ ਸਤਿਗੁਰੂ ਜੀ ਫਿਰ ਸਿੱਧੇ ਸ੍ਰੀ ਭੈਣੀ ਸਾਹਿਬ ਪੁੱਜ ਗਏ। ਉਥੋਂ ਘੋੜਿਆਂ ਵਾਲਿਆਂ ਨਾਲ ਰਲ ਕੇ ਅਸੀਂ ਵੀ ਪੜਾਓ ਪੜਾਈ, ਸ੍ਰੀ ਭੈਣੀ ਸਾਹਿਬ ਪੁੱਜ ਗਏ। ਰਾਗੀਆਂ, ਜਥੇਦਾਰਾਂ ਨੂੰ ਛੁੱਟੀਆਂ ਮਿਲ ਗਈਆਂ। ਉਹ ਆਪੋ ਆਪਣੇ ਨਗਰਾਂ ਨੂੰ ਚਲੇ ਗਏ।

**ਮੈਨ ਦੁਆਬ ਦਾ ਦੌਰਾ (ਬਿਕ੍ਰਮੀ 1972)**

ਸਤਿਗੁਰੂ ਜੀ ਨੇ ਫਿਰ ਅੱਧ ਹਾੜ ਤੋਂ ਮੈਨ ਦੁਆਬ ਦੇ ਇਲਾਕੇ ਦਾ ਦੌਰਾ ਸ਼ੁਰੂ ਕਰ ਦਿਤਾ। ਲੱਲਾਂ ਪਿੰਡ ਤੋਂ ਦੌਰਾ ਤੋਰ ਦਿਤਾ। ਲਖਣ ਪੁਰ, ਕਕਰਾਲੇ, ਡਹਿਰ, ਮੂੰਡੀਆਂ ਥਾਣੀਂ ਹੋ ਕੇ ਬਾਗਾਂ ਵਾਲਾ (ਮੋਰਿੰਡਾ), ਘੜੂੰਆਂ, ਲੂਲੋਂ ਆਦਿ ਨਗਰਾਂ ਦੀਆਂ ਸੰਗਤਾਂ ਨੂੰ ਦਰਸ਼ਨ ਦਿੰਦੇ ਹੋਏ ਸਤਿਗੁਰੂ ਜੀ ਚੁੰਨ੍ਹੀ ਬਾਬੇ ਵੀਰ ਸਿੰਘ ਜੀ ਪਾਸ ਪੁੱਜ ਗਏ। ਮਾਤਾ ਜੀ ਅਤੇ ਬੇਬੇ ਜੀ ਵੀ ਚੁੰਨ੍ਹੀ ਪੁੱਜ ਗਏ ਸਨ। ਕਿਉਂਕਿ ਬਾਬੇ ਹੋਰਾਂ ਅਰਜ਼ ਕੀਤੀ ਸੀ ਕਿ ਉਹ ਵੀ ਦਰਸ਼ਨ ਦੇਣ। ਜਦੋਂ ਲੂਲੋਂ ਤੋਂ ਤੁਰੇ ਸੀ ਤਾਂ ਚੰਨਣ ਸਿੰਘ ਰਾਗੀ ਨੂੰ ਹੁਕਮ ਕੀਤਾ ਕਿ ਪਿਛੋਂ ਕੋਈ ਕੰਮ ਹੈ, ਉਹ ਜਾ ਕੇ ਕਰ ਕੇ ਆ ਜਾਵੀਂ। ਪਰ ਉਹ ਨਾ ਗਿਆ। ਸਤਿਗੁਰੂ ਜੀ ਕੁੱਲੇ ਘੋੜੇ ਤੇ ਅਸਵਾਰ ਸਨ। ਪਿਛਾਂਹ ਹਟ ਕੇ ਚੰਨਣ ਸਿੰਘ ਨੂੰ ਸੈਂਟਰਾਂ ਨਾਲ ਖ਼ੂਬ ਉਡਾਇਆ। ਦੌਰੇ ਵਿਚੋਂ ਕੱਢ ਦਿੱਤਾ। ਜਿਹਨਾਂ ਸਰੀਰਾਂ ਦੇ ਚਿੱਤ ਵਿਚ ਸੀ ਕਿ ਇਹ ਅਜੇ ਬੱਚੇ ਹੀ ਹਨ ਸਭ ਭੈ ਖਾਣ ਲੱਗ ਪਏ। ਉਸ ਤੋਂ ਅਗਲੇ ਦਿਨ ਚੰਨਣ ਸਿੰਘ ਨੇ ਮੂੰਹ ਕਾਲਾ ਕੀਤਾ, ਸਿੱਖਾਂ ਨੂੰ ਨਾਲ ਲਿਆ ਅਤੇ ਹੱਥ ਜੋੜ ਕੇ ਬਖ਼ਸ਼ਬੰਦੀ ਕਰਵਾ ਲਈ ਕਿ ਅੱਗੇ ਤੋਂ ਹੁਕਮ ਅਦੂਲੀ ਨਹੀਂ ਕਰਾਂਗਾ। ਸਤਿਗੁਰੂ ਜੀ ਦੋਹਾਂ ਚੁੰਨ੍ਹੀਆਂ ਵਿਚ ਸੱਤ ਦਿਨ ਰਹੇ। ਚੁੰਨ੍ਹੀ ਵਿਚ ਮੁਸਲਮਾਨਾਂ ਦਾ ਬੜਾ ਜ਼ੋਰ ਸੀ।

ਜਿਵੇਂ ਪਹਿਲੇ ਸਤਿਗੁਰੂ ਸਾਹਿਬਾਨ ਆਪਣੇ ਨਾਲ ਜੁਆਨ ਰੱਖਦੇ ਸਨ, ਘੁਲਣ ਵਾਲੇ, ਭਲੱਥਾ ਖੇਡਣ ਵਾਲੇ ਅਤੇ ਲੜਨ ਵਾਲੇ, ਸਮੇਤ ਜਥਿਆਂ ਦੇ। ਇਵੇਂ ਹੀ ਸਤਿਗੁਰੂ ਜੀ ਵੀ ਨਵੀਂ ਤੋਂ ਨਵੀਂ ਕਾਰ ਰੋਜ਼ ਕਰਦੇ ਹਨ। ਸਵੇਰੇ ਆਸਾ ਦੀ ਵਾਰ ਲੱਗਦੀ ਹੈ। ਦੁਪਹਿਰੇ ਅੰਬਾਂ ਦੀ ਛਾਵੇਂ ਢੋਲਕੀ ਛੈਣਿਆਂ ਦਾ ਦੀਵਾਨ ਲੱਗ ਜਾਂਦਾ ਹੈ। ਲੌਢੇ ਵੇਲੇ ਕੋਈ ਸਿੰਘ ਘੁਲਦਾ ਹੈ, ਕੋਈ ਭੁਲੱਥਾ ਖੇਡਦਾ ਹੈ ਅਤੇ ਕੋਈ ਮਾਲਸ਼ ਕਰਕੇ, ਡੰਡ ਬੈਠਕਾਂ ਕੱਢਦਾ ਹੈ। ਉਸ ਤੋਂ ਬਾਅਦ ਬੀਰ ਰਸ ਨੂੰ ਕਾਇਮ ਰੱਖਣ ਲਈ ਢਾਡੀ ਲਾਭ ਸਿੰਘ ਦਾ ਦੀਵਾਨ ਲੱਗ ਜਾਂਦਾ ਹੈ। ਆਥਣੇ ਭਾਈ ਹਰਨਾਮ ਸਿੰਘ ਜੀ ਚਵਿੰਡੇ ਵਾਲੇ ਅਤੇ ਹੋਰ ਰਾਗੀ ਸਿੰਘਾਂ ਦਾ ਦੀਵਾਨ ਲੱਗਦਾ ਹੈ। ਸੁਭਾ ਸ਼ਾਮ ਦੀਵਾਨ ਦੀ ਸਮਾਪਤੀ ਬਾਦ ਜੈਕਾਰੇ ਛੁੱਟਦੇ ਹਨ। ਜਦੋਂ ਦੇਸ਼ ਜਾਂ ਲੰਗਰ ਤਿਆਰ ਹੁੰਦਾ ਹੈ ਉਦੋਂ ਵੀ ਜੈਕਾਰੇ ਛੁੱਟਦੇ ਹਨ। ਮੁਸਲਮਾਨ ਭਾਈਚਾਰਾ ਵੀ ਸਾਰੇ ਪ੍ਰੋਗਰਾਮਾਂ ਨੂੰ ਬੜੇ ਚਾਅ ਨਾਲ ਵੇਖਦਾ ਹੈ।

ਇਸ ਸਾਲ ਘੋੜਿਆਂ ਦਾ ਦਰੋਗਾ ਊਧਮ ਸਿੰਘ ਚੇਲੇ ਕਿਆਂ ਵਾਲਾ ਸੀ। ਸਤਿਗੁਰੂ ਜੀ ਦੀ ਅਸਵਾਰੀ ਦਾ ਖ਼ਾਸ ਕੁੱਲਾ ਘੋੜਾ ਵੀ ਉਹ ਹੀ ਸਾਂਭਦਾ ਸੀ। ਸਾਰੇ ਸੇਵਾਦਾਰਾਂ ਨਾਲੋਂ, ਸਤਿਗੁਰੂ ਜੀ ਇਹਦੇ ਤੇ ਸਭ ਤੋਂ ਵੱਧ ਖ਼ੁਸ਼ ਸਨ, ਕਿਉਂ ਜੁ ਇਹ ਘੋੜਿਆਂ ਦੀ ਸੇਵਾ ਚੰਗੀ ਕਰਦਾ ਸੀ।

ਅਮਰ ਸਿੰਘ ਚੇਲੇਕਿਆਂ ਵਾਲਾ, ਜਿਹੜਾ ਸਤਿਗੁਰੂ ਜੀ ਦੇ ਸਹੁਰਾ ਘਰੋਂ (ਗੁਰੂ ਸਰੋਂ) ਚੰਬਾ ਘੋੜਾ ਆਇਆ ਸੀ, ਉਹਨੂੰ ਸਾਂਭਦਾ ਸੀ।

ਸਾਧੂ ਸਿੰਘ ਲੱਲਾਂ ਦਾ ਬੌਣਾਂ ਅਤੇ ਪ੍ਰੇਮ ਸਿੰਘ ਲੱਲਾਂ ਦਾ ਬੌਣਾ, ਇਹ ਦੋਵੇਂ ਸਿੰਘ, ਕੁੱਲੀਆਂ ਘੋੜੀਆਂ ਸਾਂਭਦੇ ਸਨ। ਬਾਬਾ ਅਰੂੜ ਸਿੰਘ ਜਰਗ ਵਾਲਾ ਇਹ ਬਲੋਚਣ ਘੋੜੀ ਸਾਂਭਦਾ ਸੀ। ਨੰਦ ਸਿੰਘ ਲੰਬੜਦਾਰ ਸਿਆਹੜ ਦਾ ਇਹ ਇਕ ਹੋਰ ਘੋੜਾ ਸਾਂਭਦਾ ਸੀ। ਦੇਵਾ ਸਿੰਘ ਬ੍ਰਾਹਮਣ, ਸ੍ਰੀ ਭੈਣੀ ਸਾਹਿਬ ਦਾ ਨਿਵਾਸੀ, ਇਹ ਮਹਾਰਾਜ ਨਿਹਾਲ ਸਿੰਘ ਹੋਰਾਂ ਵਾਲੀ ਵੱਡੀ ਵਛੇਰੀ ਸਾਂਭਦਾ ਸੀ। ਅਠਵਾਂ ਸਿੰਘ ਨਿਧਾਨ ਸਿੰਘ ਮਜ਼੍ਹਬੀ ਸੀ ਇਹ ਚੰਬੇ ਘੋੜੇ ਦੇ ਨਾਲ ਹੀ ਗੁਰੂ ਸਰੋਂ ਜਿਹੜੀ ਘੋੜੀ ਆਈ ਸੀ, ਉਹਨੂੰ ਸਾਂਭਦਾ ਸੀ।

ਸਤਵੇਂ ਦਿਨ ਸਤਿਗੁਰੂ ਜੀ ਨੇ ਨੰਦ ਸਿੰਘ ਲੰਬੜਦਾਰ ਨੂੰ ਆਖਿਆ ਕਿ ਘੋੜੇ ਉਤੇ ਚੜ੍ਹ ਕੇ ਘੋੜੇ ਨੂੰ ਪਾਣੀ ਡਾਹੁਣ ਨਾ ਜਾਈਂ। ਘੋੜੇ ਨੂੰ ਹੱਥ ਵਿਚ ਫੜਕੇ ਜਾਈਂ। ਪ੍ਰੰਤੂ ਇਸ ਮਨਮੱਤ ਕੀਤੀ। ਇਹ ਘੋੜੇ 'ਤੇ ਚੜ੍ਹ ਬੈਠਾ। ਜਿਉਂ ਘੋੜਾ ਭੱਜਿਆ, ਢਾਬ ਕੋਲ ਥਾਂ ਬੜਾ ਉੱਚਾ ਸੀ, ਉਥੇ ਡਿਗ ਪਿਆ। ਸਿੰਘਾਂ ਨੇ ਚੁੱਕ ਕੇ ਲਿਆਂਦਾ।ਘੋੜਾ ਫੜ ਲਿਆ। ਸਤਿਗੁਰੂ ਜੀ ਨੂੰ ਖ਼ਬਰ ਹੋਈ ਤਾਂ ਬਚਨ ਕੀਤਾ, ਇਹ ਵੀ ਆਖੇ ਨਹੀਂ ਸੀ ਲੱਗਦਾ।

**ਚਲਦਾ.....**

# Concerts at Shri Bhaini Sahib: A tribute to musical legacy



**Dr Gurdeep Singh Sandhu**
**94172-66056**

**Abstract-** Namdhari community is a branch of Sikh religion and the follower of Guru Nanak and Guru Gobind Singh . Music is a traditional way to spread love and peace among the society which includes the people of almost every corner of the universe. Indian classical and tradition music always explore the message of equality and a source of contentment. Namdhari community raised hands to spread peace after the era Guru Gobind Singh Ji (10th Guru of Sikhism) and contributed and explored musical traditions and organized musical concerts all over India and Abroad where the great musicians and representatives of different religions. This research paper will highlight the conditions and status of fruitful steps towards humanity.

